ੴ ਵਾਹਿਗੁਰੂ ਜੀ ਕੀ ਫ਼ਤਹ ॥


ਮਾਸਿਕ ਪੱਤਰ

# ਸੂਰਾ


ਲੁਧਿਆਣਾ

# SURA Monthly

Ludhiana

ਅਕਤੂਬਰ ੧੯੯੯

OCTOBER 1999


ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ, ਚੂਨੀ ਮੰਡੀ, ਲਾਹੌਰ (ਪਾਕਿਸਤਾਨ)

www.AKJ.Org

# ਗੁਰ ਰਾਮਦਾਸ ਤੇਰੀ ਸਰਣ

ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ॥
ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ॥
ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ॥
ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ॥
ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ॥
ਅਘ ਅੰਤਕ ਬਦੈ ਨ ਸਲ ਕਵਿ ਗੁਰ ਰਾਮਦਾਸ ਤੇਰੀ ਸਰਣ॥

(ਭੱਟਾਂ ਦੇ ਸਵਈਏ)

*(ਧੰਨ ਗੁਰੂ ਰਾਮਦਾਸ!) ਤੂੰ ਆਪ ਹੀ ਚੌਹਾਂ ਜੁਗਾਂ ਅੰਦਰ ਸੱਚਾ ਸਤਿਗੁਰੂ ਹੋ ਕੇ ਵਰਤਿਆ ਹੈਂ ਤੂੰ ਆਪ ਹੀ ਪਰਮੇਸੁਰ ਰੂਪ ਹੈਂ ਧੁਰ ਧੁਰਾਂ ਤੋਂ ਹੀ ਦੇਵਤੇ ਮਾਨੁਖ ਸਿਧ ਸਾਧਿਕ ਤੇਰੇ ਸਿਖ ਬਣ ਕੇ ਤੈਨੂੰ ਸੇਂਵਦੇ ਰਹੇ ਹਨ। ਆਦਿ ਤੋਂ ਹੀ, ਜੁਗਾਂ ਦੇ ਅਰੰਭ ਤੋਂ, ਜੁਗਾਂ ਦੇ ਆਦਿ ਅਰੰਭ ਦੇ ਪਹਿਲਾਂ ਤੋਂ ਹੀ ਤੇਹਾਂ ਲੋਕਾਂ (ਸਾਰੀ ਰਚਨਾ) ਵਿਖੇ ਤੈਂ ਸੱਚੀ ਗੁਰੱਤਤਾ ਦੀ ਕਲਾ ਧਾਰੀ ਹੋਈ ਹੈ (ਧੁਰੋਂ ਹੀ ਕਲਾਧਾਰੀ ਗੁਰੂ ਏਜ਼ਦਾਇਆ ਹੋਇਆ ਹੈਂ)। ਗੰਮਤਾ ਰਹਿਤ (ਜਿਥੇ ਮਨ, ਬਚਨ, ਕਰਮ ਕਰਕੇ ਕਿਸੇ ਦੀ ਗੰਮਤਾ ਨਹੀਂ) ਅਤੇ ਗੁਪਤ ਲੋਆਂ ਪੁਰੀਆਂ ਦੇ ਵਸਨੀਕ ਅਧਿਕਾਰੀ ਜਨਾਂ ਨੂੰ ਉਧਾਰਨਹਾਰੇ ਹੋ ਅਤੇ ਤਿਨ੍ਹਾਂ ਨੂੰ ਜਰਾ ਰੋਗ (ਬੁਢੇਪੇ) ਤੋਂ ਬਚਾ ਕੇ ਜਮਕਾਲ ਉਤੇ ਸਵਾਰ ਕਰਾਵਨਹਾਰੇ ਹੋ।*

*ਗੁਰੂ ਅਮਰਦਾਸ ਨੇ (ਗੁਰੂ ਰਾਮਦਾਸ ਨੂੰ) ਸਦਾ ਲਈ ਥਿਰ ਰਹਿਣ ਵਾਲਾ ਤਾਰਣ ਤਰਣ ਸਮਰਥ ਗੁਰੂ ਅਸਥਾਪਨ ਕੀਤਾ, ਗੰਮਤਾ ਤੋਂ ਪਰੇ ਉਪਕਾਰ ਕਰਨ ਵਾਲਾ। ਹੇ ਗੁਰੂ ਰਾਮਦਾਸ! ਤੇਰੀ ਸਰਣ ਪਇਆਂ ਸਲ੍ਹ ਕਵੀ (ਭੱਟ) ਅੰਤ ਕਾਲ ਦੇ ਅਘਾਂ (ਪਾਪਾਂ ਦੁਖਾਂ) ਨੂੰ ਕੁਛ ਨਹੀਂ ਬਿਦਦਾ (ਸਮਝਦਾ)।*

*ਅੰਤਕ ਦਾ ਭਾਵ ਅੰਤ ਕਰਨਹਾਰਾ ਨਹੀਂ ਹੋ ਸਕਦਾ, ਕਿਉਂਕਿ ਇਸ ਪਦ ਦੇ ਛੇਕੜਲੇ ਅੱਖਰ ਕੱਕੇ ਨੂੰ ਔਂਕੜ ਨਹੀਂ। ਇਹ ਪਦ ਏਥੇ ਇਕ-ਵਚਨ ਵਿਸ਼ੇਸ਼ਣ ਨਹੀਂ ਹੈ। ਜੇਕਰ ਇਕ-ਵਚਣ ਵਿਸ਼ੇਸ਼ਣ (Singular adjective) ਹੁੰਦਾ, ਤਾਂ ਕੱਕਾ ਔਂਕੜ ਸਹਿਤ ਹੁੰਦਾ। ਮੁਕਤੇ ਸਹਿਤ ਬਹੁ-ਵਚਨ ਵਿਸ਼ੇਸ਼ਣ ਦਾ ਪ੍ਰਤਿਪਾਦਨ ਹੋ ਸਕਦਾ ਹੈ, ਪਰ ਏਥੇ ਦੋਹਾਂ ਤੋਂ ਹੀ ਭਾਵ ਨਹੀਂ।*

*ਬਹੁਤ ਸਾਰੇ ਗਿਆਨੀ ਇਉਂ ਨਿਖੇੜ ਕੇ ਪਾਠ ਕਰਦੇ ਹਨ, ਇਸ ਪੰਗਤੀ ਦਾ – 'ਅਘ ਅੰਤ, ਕਬ ਦੇਨ ਸਲੁ ਕਵਿ ਗੁਰ ਰਾਮਦਾਸ ਤੇਰੀ ਸਰਣ॥ ਇਸ ਦੇ ਅਰਥ ਕੁਝ ਨਹੀਂ ਬਣਦੇ। 'ਅਘ ਦੇਨ ਅੰਤ ਕਬ' ਇਉਂ ਅਨਵੈ ਕੀਤਿਆਂ ਅਰਥ ਬਣਦੇ ਹਨ – ਅੰਤ ਸਮੇਂ ਕਦੇ ਅਘ ਨਹੀਂ ਦਿੰਦੇ। ਪਰ ਕਉਣ ਨਹੀਂ ਦਿੰਦੇ ਅਘ ? ਕਰਤਾ (Subject) ਹੈ ਹੀ ਨਹੀਂ ਕਿਤੇ ਇਸ ਪੰਗਤੀ ਵਿਖੇ। ਨਾ ਹੀ ਮਫ਼ਹੂਮ ਹੋ ਸਕਦਾ ਹੈ। ਅਤੇ ਇਹ ਅਰਥ ਭੀ ਨਹੀਂ ਬਣ ਸਕਦੇ ਕਿ ਗੁਰੂ ਜੀ ਪਾਪਾਂ ਦਾ ਅੰਤ ਕਰਨਹਾਰੇ ਹਨ। ਇਹ ਅਰਥ ਨਵੀਨ ਕੋਸ਼-ਕਾਰਕ ਕਰਦੇ ਹਨ, ਪਰ ਏਹਨਾਂ ਅਰਥਾਂ ਵਿਚ 'ਅਘ ਅੰਤਕ' ਕਿਰਿਆ ਵਿਸ਼ੇਸ਼ਣ ਦੇ ਕਰਤੇ ਗੁਰੂ ਰਾਮਦਾਸ ਨਹੀਂ ਬਣ ਸਕਦੇ। 'ਗੁਰ ਰਾਮਦਾਸ ਤੇਰੀ ਸਰਣ' ਗੁਰੂ ਰਾਮਦਾਸ ਦਾ ਨਾਉਂ ਤਾਂ ਏਹਨਾਂ ਪਦਾਂ ਅੰਦਰ ਆਇਆ ਹੈ, ਸੰਬੋਧਨ ਵਚਨ ਹੋਣ ਕਰਿ। ਗੁਰੂ ਸਾਹਿਬ 'ਅਘ ਅੰਤਕ' ਨਾਂਵ ਵਿਸ਼ੇਸ਼ਣ (Adjective) ਭੀ ਨਹੀਂ ਹੋ ਸਕਦੇ। ਸ਼ਬਦਾਰਥੀਏ, ਜੋ ਇਸ ਸਮੁੱਚੀ ਪੰਗਤੀ ਦਾ ਇਹ ਅਰਥ ਕਰਦੇ ਹਨ, 'ਸਲ੍ਹ ਕਵੀ ਤੇਰੇ ਜਿਹਾ ਪਾਪਾਂ ਨੂੰ ਅੰਤ ਕਰਨਹਾਰਾ ਹੋਰ ਕੋਈ ਨਹੀਂ ਸਮਝਦਾ। ਏਹਨਾਂ ਅਰਥਾਂ ਵਿਚ 'ਤੇਰੇ ਜਿਹਾ ਹੋਰ ਕੋਈ' ਵਾਧੂ ਅਰਥ ਹਨ। ਇਹ ਕਿਥੋਂ ਲਾਏ ਗਏ? ਕਿਨ੍ਹਾਂ ਪਦਾਂ ਦੇ ਏਹ ਅਰਥ ਹਨ?*

(ਵਲੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


# ਸੂਰਾ

ਮਾਸਿਕ ਪੱਤਰ

ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40ਰੁ: |
| ਅਮਾਨਤੀ ਲਾਈਫ ਮੈਂਬਰ | | 400ਰੁ: |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ: | 400ਰੁ: |
| ਅਮਾਨਤੀ ਲਾਈਫ ਮੈਂਬਰ | 1400 ਰੁ: | 4000 ਰੁ: |

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

Sura-Internet passward- WWW.SURA-INTERNATIONAL.COM

ਜਿਲਦ ੩੩ ਅਕਤੂਬਰ ੧੯੯੯ ਅੰਕ ੧੦


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

(ਨਾਨਕਸ਼ਾਹੀ ਕਲੰਡਰ ਅਨੁਸਾਰ)

| | |
|---|---|
| ਪ੍ਰਕਾਸ਼ ਦਿਵਸ ਸ੍ਰੀ ਗੁਰੂ ਰਾਮ ਦਾਸ ਜੀ | – 9 ਅਕਤੂਬਰ |
| ਮੇਲਾ ਬੀੜ ਬਾਬਾ ਬੁਢਾ ਜੀ | – 5–6ਅਕਤੂਬਰ |
| ਗੁਰਗੱਦੀ ਪਾ: ਅੱਠਵੀਂ | – 20ਅਕਤੂਬਰ |
| ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | – 20 ਅਕਤੂਬਰ |
| ਜੋਤੀ ਜੋਤਿ ਪਾ: ਸੱਤਵੀਂ | – 20 ਅਕਤੂਬਰ |
| ਜੋਤੀ ਜੋਤਿ ਪਾ: ਦਸਵੀਂ | – 21ਅਕਤੂਬਰ |

## ਚੰਦਾ ਭੇਜਣ ਦਾ ਪਤਾ


ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ ਲੁਧਿ: 141002
Tel. 0161-428194
Fax.0161-536340,532147


ਸੂਰਾ ਦੇ ਚੰਦੇ ਅਤੇ ਹੋਰ ਰਕਮਾਂ ਜਮਾਂ ਕਰਨ ਲਈ ਵੱਖ–ਵੱਖ ਸ਼ਹਿਰਾਂ ਵਿਚ ਸੇਵਾਦਾਰਾਂ ਦੀ ਸੂਚੀ ਪੰਨਾ 26 ਤੇ ਦੇਖੋ

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲੋਂ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ।


ਟਾਈਟਲ ਡਿਜ਼ਾਈਨ : ਜਸਬੀਰ ਸਿੰਘ ਲੁਧਿਆਣਾ

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ (ਇੰਡੀਆ), ਡੀ-93, ਬਲਾਕ-16, ਪਾਹਵਾ ਰੋਡ, ਲੁਧਿਆਣਾ ਫੋਨ : 543591


## ਤਤਕਰਾ


- ਅਗਮ ਅਗੋਚਰ ਵਾਹਿਗੁਰੂ ਦੀ ਲਖਤਾ..... ੨
- ਗੁਰੂ ਰਾਮਦਾਸ ਜੀ ਦਾ ਫਲਸਫ਼ਾ............. ੩
- ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ........ ੯
- ਗੁਰੂ ਮਾਨਿਓ ਗ੍ਰੰਥ .............................. ੧੨
- ਧਰਮ ਦਰਸ਼ਨ ਦਾ ਸਦੀਵੀ ਸੱਚ ...................... ੧੫
- ਪ੍ਰੀਤ ਮਜੂਰੀ (ਕਵਿਤਾ)................................ ੧੬
- ਗੁਰੂ ਮਾਨਿਓ ਗ੍ਰੰਥ (ਕਵਿਤਾ)........................... ੧੭
- ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ............ ੧੮
- ਜੀਵਨ ਦੀ ਸੱਚਾਈ (ਕਵਿਤਾ) ................... ੨੧
- ਸਬਦੁ ਗੁਰੂ ਸੁਰਤਿ ਧੁਨਿ ਚੇਲਾ ............... ੨੨
- ਸੂਰਾ ਦੇ ਹੋਰ ਸਹਿਰਾਂ ਵਿਚ ਸੇਵਾਦਾਰ............ ੨੬
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਰਾਗਾਂ ਬਾਰੇ ਜਾਣਕਾਰੀ ........................................ ੨੭
- ਸਲੋਕ ਭਗਤ ਕਬੀਰ ਜੀ (Translation).... ੩੨
- ਕਰਮ ਫ਼ਿਲਸਾਫ਼ੀ ........................................ ੩੪
- ਕੀਰਤਨ ਸਰਗਰਮੀਆਂ ................................. ੩੮
- ਆਉਣ ਵਾਲੇ ਕੀਰਤਨ ਸਮਾਗਮ ............. ੩੯



ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।





www.AKJ.Org

# ਅਗਮ ਅਗੋਚਰ ਵਾਹਿਗੁਰੂ ਦੀ ਲਖਤਾ

(ਵਲੋਂ – ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

"ਮੇਰੇ ਮਨ ਰਾਮ-ਨਾਮ ਨਿਤ ਗਾਵੀਐ ਰੇ॥
ਅਗਮ ਅਗੋਚਰੁ ਨ ਜਾਈ ਹਰਿ ਲਖਿਆ, ਗੁਰੁ ਪੂਰਾ ਮਿਲੈ ਲਖਾਵੀਐ ਰੇ ॥"
(ਕੈਦਾਰਾ ਮਹਲਾ ੪, ਪੰਨਾ ੧੧੧੮)

ਭੈ ਨਿਰਭਉ ਮਾਣਿਅਉ ਲਾਖ ਮਹਿ ਅਲਖੁ ਲਖਾਯਉ॥
ਅਗਮੁ ਅਗੋਚਰ ਗਤਿ ਗਭੀਰੁ ਸਤਿਗੁਰਿ ਪਰਚਾਯਉ॥(ਸਵਈਏ ਮਹਲੇ ਪੰਜਵੇ ਕੇ, ਪੰਨਾ ੧੪੦੭)
ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥
ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ॥ ਗੁਰ ਪਰਸਾਦਿ ਪਰਮ ਪਦੁ ਪਾਈ ॥੧॥
(ਬਿਲਾਵਲ ਮ: ੧ ਥਿਤੀ, ਪੰਨਾ ੮੩੮)

ਇਤਨੇ ਉਦਾਹਰਨਾਂ, ਗੁਰਮਤਿ ਪ੍ਰਮਾਣਾਂ ਦੇ ਹੁੰਦੇ ਹੋਏ ਨਾਮ-ਲੇਵਾ ਸਿੱਖ ਤਾਂ ਕਦੇ ਵੀ ਸੰਦੇਹ-ਸੰਸੇ ਵਿਚ ਆ ਨਹੀਂ ਸਕਦਾ ਕਿ ਵਾਹਿਗੁਰੂ ਹੈ ਨਹੀਂ, ਭਾਵੇਂ ਅਗਮ ਅਗਾਧ ਹੈ ਤ੍ਰੈ ਕਾਲ ਅਬਾਧ ਹੈ, ਪਰ ਹੈ ਸਹੀ।

"ਹੈ ਤੂ ਹੈ ਤੂ ਹੋਵਨਹਾਰ॥ ਅਗਮ ਅਗਾਧਿ ਊਚ ਆਪਾਰ॥
ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ॥ ਗੁਰ ਪਰਸਾਦਿ ਨਾਨਕ ਗੁਣ ਗਾਹਿ॥"
(ਤਿਲੰਗ ਮ: ੫, ਪੰਨਾ ੭੨੪)

ਇਸ ਤੋਂ ਵਧ ਕੇ ਸਪੱਸ਼ਟ ਪ੍ਰਮਾਣ ਕੀ ਹੋ ਸਕਦਾ ਹੈ ਕਿ ਗੁਰੂ ਨਾਨਕ ਪੰਚਮੇਸ਼ ਨੇ ਸਨਮੁਖ ਦਰਸ਼ਨ ਕਰਦੇ ਹੋਏ "ਹੈ ਤੂ ਹੈ" ਅਕਾਲ ਪੁਰਖ ਨੂੰ ਸੰਬੋਧਨ ਕੀਤਾ ਹੈ ਅਤੇ ਸਦਾ 'ਹੋਵਨਹਾਰ' ਜਣਾਇਆ ਅਤੇ ਇਹ ਦ੍ਰਿੜ੍ਹਨ ਭੀ ਅਸਾਂ ਲਈ ਦ੍ਰਿੜ੍ਹਾਇਆ ਹੈ ਕਿ ਜੋ ਸਿਖ "ਹੋਵਨਹਾਰ ਨਿਰੰਕਾਰ" ਨੂੰ ਸੇਵਦੇ ਤੇ ਸਿਮਰਦੇ ਹਨ ਉਹਨਾਂ ਨੂੰ ਕੋਈ ਭਉ ਦੁਖ ਨਹੀਂ ਲਗਦਾ। ਉਹ ਨਿਰਭਉ ਵੇਪਰਵਾਹਤਾ ਵਿਚ ਸਦਾ ਸਾਲਾਹੀ ਦੇ ਸਲਾਹਤਾ-ਮਈ ਗੁਣ ਹੀ ਗਾਉਂਦੇ ਰਹਿੰਦੇ ਹਨ। ਸਚੇ ਗੁਰਦੇਵ ਗੁਰੂ ਨਾਨਕ ਸਾਹਿਬ ਨੇ ਕਲਜੁਗ ਦਾ ਉਧਾਰ ਹੀ ਇਸ ਬਿਧ ਕੀਤਾ ਹੈ ਕਿ ਜੋ ਜੋ ਮਲ ਮੂਤ ਮੂੜ ਮੁਗਧ ਹਰਿ ਸਿਮਰਨ ਕਰਿ ਸਚੀ ਅਕਾਲ ਸੇਵਾ ਵਿਖੇ ਲਗੇ ਹਨ ਅਤੇ ਜਿਹਨਾਂ ਉਤੇ ਕਿਰਪਾ ਦਇਆਲ ਬਖ਼ਸ਼ਿੰਦ ਵਾਹਿਗੁਰੂ ਦਾ ਬੁਖ਼ਸ਼ਿਸ਼ ਹੋਈ ਹੈ, ਹਰਿ ਸਿਮਰਨ ਦੁਆਰਾ ਤਿਨ੍ਹਾਂ ਦਾ ਇਸ ਤਰ੍ਹਾਂ ਪੁਗ-ਪੁਗਣਾ ਉਧਾਰ ਭੀ ਹੋ ਗਿਆ ਕਿ ਅਗਮ ਅਗੋਚਰ ਦੇ ਦਰਸ਼ਨ ਹੋ ਗਏ। ਯਥਾ ਗੁਰਵਾਕ :–

ਅਗਮ ਅਗੋਚਰੁ ਦਰਸੁ ਤੇਰਾ ਸੋ ਪਾਏ, ਜਿਸੁ ਮਸਤਕਿ ਭਾਗੁ॥
ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ, ਸਤਿਗੁਰਿ ਬਖਸਿਆ ਹਰਿ ਨਾਮੁ ॥੧॥
ਕਲਿਜੁਗੁ ਉਧਾਰਿਆ ਗੁਰਦੇਵ॥ ਮਲ ਮੂਤ ਮੂੜ ਜਿ ਮੁਘਦ ਹੋਤੇ,
ਸਭਿ ਲਗੇ ਤੇਰੀ ਸੇਵ॥੧॥ ਰਹਾਉ॥ (ਆਸਾ ਮ: ੧, ਪੰਨਾ ੪੦੬)

ਸਤਿਗੁਰ ਗੁਰੂ ਨਾਨਕ ਪੰਚਮੇਸ਼ ਜੀ ਨਿਜ ਅੱਖੀਂ ਡਿਠੀ ਸਾਖਾ ਇਉਂ ਭਰਦੇ ਹਨ :–

ਮੈ ਬਹੁ ਬਿਧਿ ਪੇਖਿਓ ਦੂਜਾ ਨਾਹੀ ਰੀ ਕੋਊ॥
ਖੰਡ ਦੀਪ ਸਭ ਭੀਤਰਿ ਰਵਿਆ, ਪੂਰਿ ਰਹਿਓ ਸਭ ਲੋਊ॥੧॥ ਰਹਾਉ॥
ਅੰਗਮ ਅਗੰਮਾ ਕਵਨ ਮਹਿੰਮਾ, ਮਨੁ ਜੀਵੈ ਸੁਨਿ ਸੋਊ॥ (ਦੇਵ ਗੰਧਾਰੀ ਮ: ੫, ੫੩੫)
ਜਾਨੀ ਨ ਜਾਈ ਤਾ ਕੀ ਗਾਤਿ॥੧॥ ਰਹਾਉ॥
ਕਹ ਪੇਖਾਰਉ ਹਉ ਕਰਿ ਚਤੁਰਾਈ, ਬਿਸਮਨ ਬਿਸਮੇ ਕਹਨ ਕਹਾਤਿ ॥੧॥ (ਬਾਕੀ ਪੰਨਾ ੧੧ ਤੇ...)



www.AKJ.Org

# ਗੁਰੂ ਰਾਮਦਾਸ ਜੀ ਦਾ ਫ਼ਲਸਫ਼ਾ

(ਗੋਬਿੰਦ ਸਿੰਘ ਮਨਸੁਖਾਨੀ)

ਗੁਰੂ ਨਾਨਕ ਦੇਵ ਜੀ ਵਲੋਂ ਦੱਸੇ ਗਏ ਸਿੱਖ ਧਰਮ ਦੇ ਫ਼ਲਸਫ਼ੇ ਨੂੰ ਉਹਨਾਂ ਦੇ ਉਤਰ ਅਧਿਕਾਰੀਆਂ ਨੇ ਰੋਜ਼ਾਨਾ ਜੀਵਨ ਵਿਚ ਕਥਨੀ ਤੇ ਕਰਨੀ ਵਿਚ ਪ੍ਰਗਟ ਕੀਤਾ। ਸਿੱਖ ਸ਼ਬਦ ਦਾ ਅਰਥ ਹੈ ਸ਼ਿਸ਼, ਸਿਖਿਅਕ ਜਾਂ ਮੁਰੀਦ। ਇਸ ਲਈ ਸਿੱਖ ਇਕ ਨਿਵੇਕਲਾ ਜਾਂ ਨਿਵਾਰਿਕ ਵਿਅਕਤੀ ਨਹੀਂ ਹੈ। ਗੁਰੂ ਨਾਨਕ ਨੇ ਲੋਕਾਂ ਨੂੰ ਆਪਦੇ ਵਿਸ਼ਵਾਸਾਂ ਵਿੱਚ ਢਾਲਣ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਤਾਂ ਸਗੋਂ ਇਹ ਚਾਹੁੰਦੇ ਸਨ ਕਿ ਉਹ ਆਪਣੇ ਵਿਸ਼ਵਾਸਾਂ ਦੀ ਡੂੰਘਾਈ ਵਿਚ ਜਾਣ ਅਤੇ ਆਪਣੇ-ਅਪਣੇ ਧਾਰਮਿਕ ਆਗੂਆਂ ਅਤੇ ਆਪਣੇ ਧਰਮ ਗ੍ਰੰਥਾਂ ਦੀ ਸਿਖਿਆ ਤੇ ਚਲਣ। ਜਦੋਂ ਕਿਸੇ ਸਿੱਖ ਨੇ ਗੁਰੂ ਜੀ ਤੋਂ ਪੁਛਿਆ ਕਿ ਸਭ ਤੋਂ ਚੰਗਾ ਧਰਮ ਕਿਹੜਾ ਹੈ, ਤਾਂ ਉਹਨਾਂ ਉਤਰ ਦਿਤਾ :-

"ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿਕੋ ਨਾਮੁ ਜਪਿ ਨਿਰਮਲ ਕਰਮੁ ॥"

ਪਹਿਲਾਂ ਗੁਰੂ ਸਾਹਿਬਾਨ ਨੇ ਇਹ ਮਹਿਸੂਸ ਕੀਤਾ ਕਿ ਦੁਨੀਆ ਵਿਚ ਕਈ ਪ੍ਰਕਾਰ ਦੇ ਧਰਮ ਹਨ-ਹਰ ਇਕ ਧਰਮ ਦਾ ਸਤਿ ਬਾਰੇ ਆਪਣਾ ਅਨੁਭਵ ਹੈ। ਸਹੀ ਤੌਰ ਤੇ ਇਕ ਅਧਿਆਤਮਕ ਪੁਰਸ਼ ਉਹ ਹੈ ਜਿਹੜਾ ਆਪਣੇ ਜੀਵਨ ਵਿਚ ਉਸੇ ਗੱਲ ਤੇ ਅਮਲ ਕਰਦਾ ਹੈ, ਜਿਹੜਾ ਉਸ ਦਾ ਧਰਮ ਉਸ ਨੂੰ ਸਿਖਾਂਦਾ ਹੈ। ਸਿੱਖ ਧਰਮ ਕੁਝ ਕੁ ਗਿਣੇ ਮਿੱਥੇ ਲੋਕਾਂ ਲਈ ਨਹੀਂ ਬਣਿਆ, ਸਗੋਂ ਸਾਰੀ ਮਨੁੱਖਤਾ ਲਈ ਹੈ, ਕਿਉਂਕਿ ਇਹ ਸਾਰੇ ਮਨੁੱਖੀ ਭਾਈਚਾਰੇ ਅਤੇ ਪਰਮ ਪਿਤਾ ਪਰਮਾਤਮਾ ਨੂੰ ਇਕ ਮੰਨਣ ਵਿਚ ਵਿਸ਼ਵਾਸ ਰਖਦਾ ਹੈ। ਇਹ ਵਿਸ਼ਵਾਸ ਅਮਲੀ ਰੂਪ ਵਿਚ ਸੰਗਤ ਅਤੇ ਪੰਗਤ ਰਾਹੀਂ ਪ੍ਰਦਰਸ਼ਿਤ ਕੀਤਾ ਗਿਆ ਹੈ। ਨਿਰੀ ਸ਼ਹਿਣਸ਼ੀਲਤਾ ਹੀ ਨਹੀਂ ਸਗੋਂ ਬਰਾਬਰਤਾ ਦੇ ਅਧਾਰ ਤੇ ਦੂਜੇ ਧਰਮਾਂ ਨੂੰ ਪਰਵਾਨ ਕਰਨਾ ਸਿੱਖੀ ਦੀ ਬੁਨਿਆਦ ਹੈ।

ਦੂਜਾ ਗੁਰੂ ਨਾਨਕ ਅਤੇ ਉਹਨਾਂ ਦੇ ਉਤਰ ਅਧਿਕਾਰੀਆਂ ਨੇ ਸਮਾਜ ਦੀਆਂ ਜ਼ਿੰਮੇਵਾਰੀਆਂ ਨੂੰ ਪਰਵਾਨ ਕਰਦਿਆਂ ਹੋਇਆਂ ਜੀਵਨ ਦੀਆਂ ਸਮੱਸਿਆਵਾਂ ਦਾ ਸਾਹਮਣਾ ਕੀਤਾ। ਸਿੱਖ ਧਰਮ ਸਮਾਜਕ ਵਚਨ ਬਧਤਾ ਵਿਚ ਵਿਸ਼ਵਾਸ ਰਖਦਾ ਹੈ। ਤਿਆਗ ਵਿਚ ਨਹੀਂ। ਪਰਮਾਤਮਾ ਨੂੰ ਹਰ ਥਾਈਂ ਪਾਇਆ ਜਾ ਸਕਦਾ ਹੈ। ਜਦੋਂ ਮਨੁੱਖ ਆਪਣੇ ਰੋਜ਼ਾਨਾ ਕਾਰ-ਵਿਹਾਰ ਕਰ ਰਿਹਾ ਹੁੰਦਾ ਹੈ, ਉਸ ਨੂੰ ਹਰ ਥਾਈਂ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ। ਉਸ ਨੂੰ ਪ੍ਰਾਪਤ ਕਰਨ ਲਈ ਬੰਦੇ ਨੂੰ ਆਪਣੇ ਕੰਮ ਧੰਦਾ ਛਡ ਕੇ ਜੰਗਲਾਂ ਤੇ ਕੰਦਰਾਂ ਵੱਲ ਨੱਠ ਜਾਣ ਦੀ ਲੋੜ ਨਹੀਂ। ਇਸ ਵਸਦੀ ਰਸਦੀ ਦੁਨੀਆਂ ਵਿਚ, ਉਸ ਨੂੰ ਆਪਣਾ ਜੀਵਨ ਪੂਰੇ ਦੇ ਪੂਰੇ ਰੂਪ ਵਿਚ ਬਿਤਾਉਣਾ ਚਾਹੀਦਾ ਹੈ ਅਤੇ ਇਕ ਸਮਾਜਕ ਪ੍ਰਾਣੀ ਹੋਣ ਦੇ ਨਾਤੇ ਆਪਣੇ ਦਰਪੇਸ਼ ਸਮੱਸਿਆਵਾਂ ਦਾ ਸਾਹਮਣਾ ਕਰਨਾ ਚਾਹੀਦਾ ਹੈ। ਮਨੁੱਖਾ ਜੀਵਨ ਅਧਿਆਤਮਕ ਵਿਕਾਸ ਲਈ ਇਕ ਮਹਾਨ ਅਵਸਰ ਹੈ। ਉਸਨੂੰ ਮੁਕਤੀ ਤਾਂ ਹੀ ਮਿਲ ਸਕਦੀ ਹੈ ਜੇਕਰ ਉਹ ਆਪਣੀ ਉਦਰ ਪੂਰਨਾ ਕਰਦਾ ਹੋਇਆ ਜੀਵਨ ਦੇ ਸਾਰੇ ਸੁੱਖਾਂ ਨੂੰ ਮਾਣਦਾ ਹੈ ਅਤੇ ਜਿਵੇਂ ਕਿ ਆਦਿ ਗ੍ਰੰਥਾਂ ਵਿਚ ਦਸਿਆ ਗਿਆ ਹੈ, ਹਸੰਦਿਆਂ, ਖੇਲੰਦਿਆਂ, ਪੈਨੰਦਿਆਂ, ਹੀ ਉਸ ਨੂੰ ਮੁਕਤੀ ਮਿਲ ਜਾਂਦੀ ਹੈ। ਇਸੇ ਤਰ੍ਹਾਂ ਮਨੁੱਖਾ ਸਰੀਰ ਪਰਮ-ਗਿਆਨ ਲਈ ਇਕ ਪਵਿਤਰ ਸਾਧਨ ਹੈ। ਸੋ ਮਨੁੱਖ ਨੂੰ ਆਪਣੇ ਸਰੀਰ ਨੂੰ ਕਿਸੇ ਤਰ੍ਹਾਂ ਦੀ ਭਰਿਸ਼ਟ, ਸਲੀਜ਼ ਨਹੀਂ ਕਰਨਾ ਚਾਹੀਦਾ ਜਾਂ ਇੰਦਰੀਆਂ ਦਾ ਦਮਨ ਕਰਕੇ ਉਸ ਨੂੰ ਮਾਰਨਾ ਨਹੀਂ ਚਾਹੀਦਾ। ਗੁਰੂ ਰਾਮਦਾਸ ਜੀ ਇਸ ਸਰੀਰ ਨੂੰ ਲੋਕ ਤੇ ਪਰਲੋਕ ਦੇ ਸਫਰ ਲਈ ਇਕ ਘੋੜੀ ਸਮਾਨ ਸਮਝਦੇ ਹਨ। ਜਿਸ ਨੂੰ ਲਗਾਮ ਪਾ ਕੇ, ਨਿਯੰਤ੍ਰਣ ਵਿਚ ਰਖ ਕੇ ਸਫਰ ਦਾ ਆਨੰਦ ਮਾਣਨਾ ਹੁੰਦਾ ਹੈ। ਲੋਕ ਅਤੇ ਪਰਲੋਕ ਦਾ ਜੀਵਨ ਨਾਲ-ਨਾਲ ਹੀ ਚਲਣੇ ਚਾਹੀਦੇ ਹਨ। ਇਹ ਜੀਵਨ ਪੂਰੀ ਇਕ ਸੁਰਤਾ ਅਤੇ ਉਚੇਰੀਆਂ ਕੀਮਤਾਂ ਦੀ ਪ੍ਰਾਪਤੀ ਲਈ ਹੀ ਸਮਰਪਿਤ ਹੋਣਾ ਚਾਹੀਦਾ ਹੈ। ਤੀਜਾ, ਮਨੁੱਖਾ ਜਨਮ ਦਾ ਇਕ ਮਨੋਰਥ ਹੈ। ਉਸ ਦੀ ਇਕ ਮੰਜ਼ਲ ਹੈ। ਸਿੱਖ ਗੁਰੂ ਸਾਹਿਬਾਨ ਨੇ ਇਹ ਫੁਰਮਾਨ ਕੀਤਾ ਹੈ ਕਿ ਮਨੁੱਖ ਦੀ ਸੰਪੂਰਤਾ ਉਸ ਦਾ ਪਰਮੇਸ਼ਵਰ ਵਿਚ ਅਭੇਦ ਹੋ ਜਾਣਾ ਹੀ ਹੈ। ਵਾਹਿਗੁਰੂ ਵਿਚ ਸਮਾ ਕੇ ਹੀ ਆਵਾਗਵਣ ਦੇ ਚੱਕਰ ਨੂੰ ਕਟਿਆ ਜਾ ਸਕਦਾ ਹੈ। ਇਸ ਮਨੋਰਥ ਦੀ ਪ੍ਰਾਪਤੀ ਲਈ, ਹਰ ਇਕ ਗੁਰੂ ਸਾਹਿਬ ਨੇ ਸਿੱਖ ਨੂੰ ਇਕ ਆਦਰਸ਼ਕ ਰੂਪ ਦੇਣ ਖਾਲਸਾ-ਰੂਪ ਦੇਣ ਵਿਚ ਕੁਝ ਨਾ ਕੁਝ ਯੋਗਦਾਨ ਪਾਇਆ ਹੈ।



www.AKJ.Org

ਗੁਰੂ ਨਾਨਕ ਦੇਵ ਜੀ ਨੇ ਬ੍ਰਹਿਮੰਡੀ ਪਿਆਰ ਅਤੇ ਸਰਬ ਵਿਆਪੀ ਮਨੁੱਖੀ ਭਾਈਚਾਰੇ ਦੇ ਵਿਚਾਰ ਨੂੰ ਫੈਲਾਣ ਲਈ ਸੰਸਾਰ ਦੇ ਅੱਡੋ-ਅੱਡ ਧਰਮਾਂ ਦੇ ਲੋਕਾਂ ਨੂੰ ਮਿਲ ਕੇ, ਉਹਨਾਂ ਨਾਲ ਵਿਚਾਰ ਵਟਾਂਦਰਾ ਕਰਕੇ, ਉਹਨਾਂ ਨੂੰ ਉਹਨਾਂ ਦੇ ਹੀ ਧਰਮਾਂ ਦੇ ਸਹੀ ਰਸਤਿਆਂ ਤੋਂ ਜਾਣੂ ਕਰਵਾਇਆ। ਉਹਨਾਂ ਕੱਟੜ ਰਹੁ-ਰੀਤੀਆਂ, ਵਰਤ, ਦਾਨ ਤੇ ਤੀਰਥ ਇਸ਼ਨਾਨਾਂ ਦੀ ਕਰੜੀ ਆਲੋਚਨਾ ਕੀਤੀ। ਉਹਨਾਂ ਸਾਧੂਆਂ ਜੋਗੀਆਂ ਵਲੋਂ ਕੀਤੀ ਜਾਂਦੀ ਤਪ-ਤਪੱਸਿਆ ਨੂੰ ਵੀ ਗਲਤ ਦਸਿਆ। ਗੁਰੂ ਅੰਗਦ ਦੇਵ ਜੀ ਨੇ ਨਾਮ ਜਪਣ ਦੇ ਨਾਲ-ਨਾਲ ਸਰੀਰ ਦੀ ਸੰਭਾਲ ਅਤੇ ਕਸਰਤ ਉਪਰ ਵੀ ਜ਼ੋਰ ਦਿਤਾ ਹੈ। ਉਹਨਾਂ ਇਸ ਮੰਤਵ ਲਈ ਕਈ ਅਖਾੜੇ ਵੀ ਖੋਲ੍ਹੇ, ਜਿਨ੍ਹਾਂ ਵਿਚ ਕੁਸ਼ਤੀਆਂ ਤੇ ਹੋਰ ਖੇਡ-ਮੁਕਾਬਲਿਆਂ ਦਾ ਵੀ ਸੰਗਠਨ ਕੀਤਾ। ਉਹਨਾਂ ਨੇ ਗੁਰਮੁਖੀ ਲਿੱਪੀ ਨੂੰ ਲੋਕਪ੍ਰਿਆ ਬਣਾਇਆ, ਜਿਹੜੀ ਕਿ ਸੰਸਕ੍ਰਿਤ ਤੋਂ ਸੁਖੱਲੀ ਹੈ। ਉਨ੍ਹਾਂ ਆਪਣੇ ਸਿੱਖਾਂ ਸੇਵਕਾਂ ਨੂੰ ਗੁਰਮੁਖੀ ਦੀ ਸਿਖਿਆ ਵੀ ਦਿਤੀ। ਜਾਤ ਪਾਤ ਦੇ ਬੰਧਨਾਂ ਨੂੰ ਕੱਟਣ ਲਈ ਗੁਰੂ ਅਮਰਦਾਸ ਨੇ ਲੰਗਰ ਦੀ ਪ੍ਰਥਾ ਚਾਲੂ ਕੀਤੀ। ਉਹਨਾਂ ਬਾਉਲੀ ਸਾਹਿਬ ਦੀ ਉਸਾਰੀ ਵੀ ਕੀਤੀ ਤਾਂ ਜੋ ਹਰੀਜਨ ਤੇ ਹੋਰ ਦਲਿਤ ਜਾਤੀਆਂ ਉਸ ਵਿਚੋਂ ਪਾਣੀ ਲੈ ਸਕਣ ਅਤੇ ਬਰਾਬਰਤਾ ਤੇ ਅਧਾਰ ਤੇ ਸਮਾਜ ਦੀਆਂ ਹੋਰਨਾਂ ਸ਼ਰੇਣੀਆਂ ਨਾਲ ਰਲ ਮਿਲ ਸਕਣ।

ਗੁਰੂ ਰਾਮਦਾਸ ਨੇ ਅੰਮ੍ਰਿਤਸਰ ਦਾ ਪਵਿੱਤਰ ਨਗਰ ਵਸਾ ਕੇ ਅਤੇ ਇਕ ਪਵਿੱਤਰ ਸਰੋਵਰ ਉਸਾਰ ਕੇ ਪੂਜਾ ਅਤੇ ਸਭਿਆਚਾਰਕ ਦਾ ਇਕ ਕੇਂਦਰ ਸਾਨੂੰ ਦਿਤਾ। ਸਾਰਿਆਂ ਗੁਰੂਆਂ ਦਾ ਸੰਦੇਸ਼ ਤਾਂ ਇਕੋ ਹੀ ਸੀ, ਕਿਉਂਕਿ ਇਸ ਦਾ ਪ੍ਰੇਰਨਾ ਸਰੋਤ ਇਕੋ ਹੀ ਪ੍ਰਕਾਸ਼ ਅਤੇ ਅਧਿਆਤਮਕ ਬੋਧ ਹੈ। ਉਹ ਹੈ ਆਪਣੇ ਪੂਰਵਜਾਂ ਦੀਆਂ ਸਿਖਿਆਵਾਂ ਨਾਲ ਇਕ ਸੁਰਤਾ ਭਾਵ ਇਕ ਪਰਮਾਤਮਾ ਵਿਚ ਵਿਸ਼ਵਾਸ, ਗੁਰੂ ਦੀ ਸਿਖਿਆ ਤੇ ਚਲਣਾ, ਸਾਧ ਸੰਗਤ ਕਰਨਾ, ਕੀਰਤਨ ਕਰਨਾ, ਅਜਪਾ ਜਾਪ ਕਰਨਾ, ਦੂਜਿਆਂ ਨਾਲ ਵੰਡ ਕੇ ਛਕਣਾ, ਸੇਵਾ, ਕੁਰਬਾਨੀ ਤੇ ਨਿਮਰਤਾ ਦੀ ਭਾਵਨਾ ਪੈਦਾ ਕਰਨੀ ਅਤੇ ਵਾਹਿਗੁਰੂ ਦੇ ਭਾਣੇ ਵਿਚ ਰਹਿਣਾ।

### ਵਾਹਿਗੁਰੂ

ਦੂਜੇ ਗੁਰੂ ਸਾਹਿਬਾਨ ਵਾਂਗ, ਗੁਰੂ ਰਾਮਦਾਸ ਨੇ ਇਸ ਗੱਲ ਨੂੰ ਫਿਰ ਦੁਹਰਾਇਆ ਕਿ ਪਰਮਾਤਮਾ ਇਕ ਹੈ, ਉਹ ਸਰਬ ਸ਼ਕਤੀਮਾਨ ਹੈ, ਨਿਰਗੁਣ ਹੈ, ਅਕਾਲ ਪੁਰਖ ਹੈ :-

"ਕਿਛੁ ਵਖਰੁ ਹੋਇ ਸੁ ਵਰਨੀਐ ਤਿਸੁ ਰੂਪ ਨ ਰਿਖਾ॥
ਜਿਸ ਬੁਝਾਇ ਆਪਿ ਬੁਝਾਇ ਦੇਇ ਸੋਈ ਜਨੁ ਦਿਖਾ॥
ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ, ਤੁਧੁ ਜੇਵਡੁ ਤੂਹੈ ਹੋਈ॥

ਭਾਵੇਂ ਵਾਹਿਗੁਰੂ ਸਾਡੀ ਸੂਝ ਤੇ ਅਨੁਭਵ ਤੋਂ ਵੀ ਪਰੇ ਹੈ, ਫਿਰ ਵੀ ਉਹ ਸਭ ਥਾਈਂ ਵਿਚਰ ਰਿਹਾ ਹੈ :–

ਥਾਨ ਥਨੰਤਰ ਰਵਿ ਰਹਿਆ ਮੇਰੀ ਜਿੰਦੁੜੀਏ ਪਾਰਬ੍ਰਹਮੁ ਪ੍ਰਭੁ ਦਾਤਾ ਰਾਮ॥
ਤਾਕਾ ਅੰਤੁ ਨ ਪਾਈਐ ਮੇਰੀ ਜਿੰਦੁੜੀਏ ਪੂਰਨ ਪੁਰਖੁ ਬਿਧਾਤਾ ਰਾਮ॥

ਵਾਹਿਗੁਰੂ ਪਾਰਬ੍ਰਹਮ ਪ੍ਰਕਾਸ਼ ਹੈ ਵਿਗਿਆਨਕ ਤੇ ਗੈਰ-ਵਿਗਿਆਨਕ ਤੱਤਾਂ ਵਿਚ ਵੀ ਉਸ ਦੀ ਚਮਕਾਰ ਹੈ :-

- ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ॥
- ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ॥
  ਆਤਮ ਰਾਮੁ ਸਭ ਏਕੈ ਹੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ॥

ਗੁਰੂ ਰਾਮਦਾਸ ਜੀ ਪਰਮਾਤਮਾ ਦੀ ਅਦਭੁਤ ਖੇਡ ਨੂੰ ਇਉਂ ਬਿਆਨ ਕਰਦੇ ਹਨ :

"ਵਾਹੁ ਵਾਹੁ ਕਾ ਬਡਾ ਤਮਾਸਾ॥
ਆਪੇ ਹਸੈ ਆਪਿ ਹੀ ਚਿਤਵੈ ਆਪੇ ਚੰਦੁ ਸੂਰੁ ਪਰਗਾਸਾ॥
ਆਪੇ ਜਲੁ ਆਪੇ ਥਲੁ ਥੰਮਨੁ ਆਪੇ ਕੀਆ ਘਟਿ ਘਟਿ ਬਾਸਾ॥
ਆਪੇ ਨਰੁ ਆਪੇ ਫੁਨਿ ਨਾਰੀ ਆਪੇ ਸਾਰਿ ਆਪ ਹੀ ਪਾਸਾ॥


www.AKJ.Org

"ਜੀਅ ਜੰਤ ਸਭਿ ਤੇਰਿਆ ਤੂ ਸਭਨਾ ਰਾਸਿ॥
ਜਿਸਨੋ ਤੂ ਦੇਹਿ ਤਿਸੁ ਸਭੁ ਕਿਛੁ ਮਿਲੈ ਕੋਈ ਹੋਰ ਸਰੀਕ ਨਾਹੀ ਤੁਧੁ ਪਾਸਿ॥
ਤੂੰ ਇਕੋ ਦਾਤਾ ਸਭਸ ਦਾ ਹਰਿ ਪਹਿ ਅਰਦਾਸਿ॥"

ਸੰਤਾਂ ਅਤੇ ਫਕੀਰਾਂ ਨੇ ਵਾਹਿਗੁਰੂ ਨੂੰ ਉਹਨਾਂ ਸਰਬ ਗੁਣਾਂ ਦਾ ਸਰੂਪ ਕਰਕੇ ਬਿਆਨਿਆ ਹੈ। ਜਿਸ ਤਰ੍ਹਾਂ ਦਾ ਉਹਨਾਂ ਨੇ ਉਸ ਨੂੰ ਵੇਖਿਆ, ਪਰੀਖਿਆ ਤੇ ਮਾਣਿਆ ਹੈ, ਜਿਵੇਂ ਮਿਸਾਲ ਵਜੋਂ ਉਸ ਦਾ ਨਿਆਂ, ਉਸ ਦੀ ਦਿਆਲਤਾ ਅਤੇ ਮਿਹਰ। ਇਸ ਲਈ ਵਾਹਿਗੁਰੂ ਤਾਂ ਸਰਬ ਗੁਣ ਸੰਪੰਨ ਹੈ। ਉਹ ਸਰਬ ਸ੍ਰੇਸ਼ਟ ਗੁਣਾਂ ਦਾ ਅਧਾਰ ਵੀ ਹੈ।

- "ਤਵਗੁਨ ਬ੍ਰਹਮ ਬ੍ਰਹਮ ਤੂ ਜਾਨਹਿ ਜਨ ਨਾਨਕ ਸਰਨਿ ਪਰੀਜੈ॥"
- "ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਣ ਸਰਣ। "
- "ਤੂੰ ਗੁਣਵੰਤਾ ਹਰਿ ਹਰਿ ਦਇਆਲੁ ਹਰਿ ਆਪੇ ਬਖਸਿ ਲੈਹਿ ਹਰਿ ਭਾਵੈ॥"

ਗੁਰੂ ਰਾਮਦਾਸ ਪਰਮਾਤਮਾ ਨੂੰ ਇਕ ਦਿਆਵਾਨ ਪਿਤਾ, ਇਕ ਮਿਹਰਬਾਨ ਪਤੀ, ਇਕ ਰੱਖਿਅਕ ਅਤੇ ਆਪਣੇ ਭਗਤਾਂ ਦਾ ਰਖਸ਼ਕ ਕਰਕੇ ਜਾਣਦੇ ਹਨ :–

"ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮਰਾਜੇ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥"

ਗੁਰੂਆਂ ਅਤੇ ਭਗਤਾਂ ਨੇ ਪਰਮਾਤਮਾ ਦੀ ਅਡੋ-ਅੱਡ ਤਰੀਕਿਆਂ ਨਾਲ ਮਹਿਮਾ ਦਾ ਗਾਇਨ ਕੀਤਾ ਹੈ ਅਤੇ ਵਖੋ-ਵੱਖਰੇ ਨਾਵਾਂ ਨਾਲ ਯਾਦ ਕੀਤਾ ਹੈ।

## ਸਿਰਜਣਾ

ਸਿੱਖ ਮਤ ਅਨੁਸਾਰ ਸਿਰਜਣਾ ਤੋਂ ਪਰਮਾਤਮਾ ਦੀ ਹੋਂਦ ਦਾ ਪਤਾ ਲਗਦਾ ਹੈ। ਜਿਵੇਂ ਕਿਸੇ ਮਿਅਮਾਰ ਤੋਂ ਬਿਨਾਂ ਕੋਈ ਇਮਾਰਤ ਨਹੀਂ ਹੋ ਸਕਦੀ, ਏਸੇ ਤਰ੍ਹਾਂ ਸਿਰਜਨਹਾਰ ਤੋਂ ਬਿਨਾਂ ਕੋਈ ਸਿਰਜਣਾ ਨਹੀਂ ਹੋ ਸਕਦੀ। ਕੁਦਰਤ ਬ੍ਰਹਮ ਦੀ ਸ਼ਕਤੀ ਦਾ ਇਕ ਝਲਕਾਰਾ ਪੇਸ਼ ਕਰਦੀ ਹੈ। ਇਹ ਸੰਸਾਰ ਉਸ ਦੇ ਹੁਕਮ ਦਾ ਇਕ ਪਸਾਰਾ ਹੈ। ਸੰਸਾਰ ਦੀ ਉਤਪਤੀ ਤੋਂ ਪਹਿਲਾਂ ਸਿਰਫ ਪਰਮਾਤਮਾ ਦੀ ਹੀ ਹੋਂਦ ਸੀ ਗੁਰੂ ਰਾਮਦਾਸ ਜੀ ਫਰਮਾਂਦੇ ਹਨ-

"ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾ ਹਰਿ॥ ਓਥੈ ਵੇਦ ਪੁਰਾਨ ਨ ਸਾਸਤਾ
ਆਪੇ ਹਰਿ ਨਰਹਰਿ॥ ਬੈਠਾ ਤਾੜੀ ਲਾਇ ਆਪਿ ਸਭ ਦੂਹੀ ਬਾਹਰਿ॥

ਇਸ ਸ੍ਰਿਸ਼ਟੀ ਦੀ ਕਦੋਂ, ਕਿਵੇਂ ਅਤੇ ਕਿਉਂ ਉਤਪਤੀ ਹੋਈ? ਗੁਰੂ ਰਾਮਦਾਸ ਇਸ ਸਦੀਵੀ ਗੁੰਝਲ ਨੂੰ ਇਸ ਤਰ੍ਹਾਂ ਖੋਲ੍ਹਦੇ ਹਨ :-

ਕੀ ਆਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ॥
ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ॥

ਪਰਮਾਤਮਾ ਨੇ ਇਹ ਸੰਸਾਰ ਪੰਜਾਂ ਤੱਤਾਂ ਵਿਚੋਂ ਬਣਾਇਆ ਹੈ :-

ਪੰਚ ਤਤ ਕਰਿ ਤੁਧੁ ਸ੍ਰਿਸ਼ਟਿ ਸਭ ਸਾਜੀ ਕੋਈ ਛੇਵਾਂ ਕਰਿਉ ਜੇ ਕਿਛੁ ਕੀਤਾ ਹੋਵੈ॥

ਗੁਰੂ ਜੀ ਅਦਵੈਤ ਦੇ ਫ਼ਲਸਫ਼ੇ ਵਿਚ ਯਕੀਨ ਰਖਦੇ ਹਨ ਅਰਥਾਤ ਪਰਮਾਤਮਾ ਤੇ ਉਸਦੀ ਰਚਨਾ ਇਕ ਹੀ ਹਨ- ਪਦਾਰਥ ਅਤੇ ਸੂਖਮ, ਅਜਿਹੀ ਕੋਈ ਦੋ ਵੰਡ ਨਹੀਂ। ਗੁਰੂ ਰਾਮਦਾਸ ਜੀ ਕਹਿੰਦੇ ਹਨ :-

"ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ॥"

ਪਰਮਾਤਮਾ ਵਲੋਂ ਸਿਰਜੀ ਗਈ ਸਿਰਜਣਾ ਦੇ ਸਮੇਂ ਅਤੇ ਪਸਾਰੇ ਦੀ ਹੱਦ ਬਾਰੇ, ਕੋਈ ਵੀ ਠੀਕ ਠੀਕ ਨਹੀਂ ਦਸ ਸਕਦਾ।

## ਮਨੁੱਖ ਅਤੇ ਆਤਮਾ

ਮਨੁੱਖ ਮੂਲ ਰੂਪ ਵਿਚ, ਵਾਹਿਗੁਰੂ ਦਾ ਇਕ ਅੰਸ਼ ਹੀ ਹੈ, ਉਸ ਜੋਤ ਅਤੇ ਉਸ ਦੇ ਪ੍ਰਕਾਸ਼ ਦੀ ਇਕ ਕਿਰਨ, ਦੈਵੀ ਸੱਤਾ ਦਾ ਇਕ ਭਾਗ ਹੈ।

ਜੇ ਸਾਨੂੰ ਇਹ ਸਮਝ ਆ ਜਾਵੇ ਕਿ ਅਸੀਂ ਕੀ ਹਾਂ, ਤਾਂ ਅਸੀਂ ਆਪਣੀ ਸਾਰੀ ਸ਼ਕਤੀ ਆਤਮ


www.AKJ.Org

ਵਿਕਾਸ ਅਤੇ ਅਧਿਆਤਮਕ ਪ੍ਰਗਤੀ ਲਈ ਲਾ ਦੇਵਾਂਗੇ। ਗੁਰੂ ਰਾਮਦਾਸ ਜੀ ਸਾਨੂੰ ਇਹ ਦਸਦੇ ਹਨ ਕਿ ਮਨੁੱਖਾ ਜੀਵਨ ਇਕ ਮਹਾਨ ਵੰਗਾਰ ਹੈ ਅਤੇ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦਾ ਹੈ :–

"ਮਾਣਸ ਜਨਮੁ ਪੁੰਨਿ ਕਰਿ ਪਾਇਆ "

ਗੁਰੂ ਰਾਮਦਾਸ ਜੀ ਅਨੁਸਾਰ, ਮਨੁੱਖਾ ਜੀਵਨ ਦਾ ਕੋਈ ਮਨੋਰਥ ਹੈ, ਉਸ ਦੀ ਇਕ ਮੰਜ਼ਲ ਹੈ। ਉਸ ਨੇ ਇਥੇ ਆ ਕੇ ਨਾਮ ਦਾ ਧੰਨ ਸੰਚਣਾ ਹੈ। ਗੁਰੂ ਰਾਮਦਾਸ ਫੁਰਮਾਂਦੇ ਹਨ :–

"ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇਕਾਹੇ ਜਗਿ ਆਏ ਰਾਮ ਰਾਜੇ॥
ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ॥

ਫਿਰ ਉਸ ਦੇ ਜੀਵਨ ਮਾਰਗ ਵਿਚ ਖਤਰਨਾਕ ਰੁਕਾਵਟ ਹੈ :– ਹਉਮੈ- ਮਨੁਖ ਦਾ ਆਪਾ, ਜੋ ਆਪਣੇ ਸੁਖ ਆਰਾਮ ਵਿਚ ਆਪਣੀਆਂ ਇਛਾਵਾਂ, ਦੂਜਿਆਂ ਦੀਆਂ ਇਛਾਵਾਂ ਨੂੰ ਲਿਤਾੜ ਕੇ ਪੂਰੀਆਂ ਕਰਨੀਆਂ ਚਾਹੁੰਦਾ ਹੈ, ਜਿਸ ਦੇ ਫਲਸਰੂਪ ਉਹ ਸੰਸਾਰਕ ਰਸਾਂ ਕਸਾਂ ਵਿਚ ਹੋਰ ਫਸੀ ਜਾਂਦਾ ਹੈ, ਹਉਮੈ ਦੀ ਦੀਵਾਰ ਉਸ ਦੇ ਅਤੇ ਪਰਮਾਤਮਾ ਵਿਚ ਆ ਕੇ ਖਲੋ ਜਾਂਦੀ ਹੈ।

ਹਉਮੈ ਦੀ ਭਾਵਨਾ, ਪਰਮਾਤਮਾ ਅੱਗੇ ਆਪਾ ਸਮਰਪਣ ਕਰਨ ਅਤੇ ਉਸ ਦੇ ਭਾਣੇ ਵਿਚ ਹੀ ਰਹਿਣ ਨਾਲ ਹੀ ਦੂਰ ਹੋ ਸਕਦੀ ਹੈ। ਗੁਰੂ ਰਾਮਦਾਸ ਜੀ ਕਹਿੰਦੇ ਹਨ :–

"ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਐ॥"

ਤਿਆਗ ਹੀ ਪਰਮ - ਅਨੰਦ ਦਾ ਰਾਜ਼ ਹੈ, ਦੁੱਖਾਂ ਵਿਚ ਵੀ, ਰੱਬ ਦਾ ਬੰਦਾ ਦੁਖ ਮਹਿਸੂਸ ਨਹੀਂ ਕਰਦਾ, ਕਿਉਂਕਿ ਇਹ ਤਾਂ ਪਰਮਾਤਮਾ ਦੇ ਦਿਤੇ ਹੋਏ ਹੁੰਦੇ ਹਨ :-

"ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥"

## ਮੁਕਤੀ ਦਾ ਮਾਰਗ

ਸ਼ਿਸ਼ ਦੀਆਂ ਸਿੱਖਿਆ ਵਿਚ ਗੁਰੂ ਇਕ ਕੇਂਦਰੀ ਸ਼ਕਤੀ ਅਤੇ ਧੁਰਾ ਹੁੰਦਾ ਹੈ। ਗੁਰੂ ਰਾਮਦਾਸ ਜੀ ਗੁਰੂ ਦੀ ਲੋੜ ਉਪਰ ਜ਼ੋਰ ਦੇਂਦੇ ਹਨ। ਉਨ੍ਹਾਂ ਦੀ ਬਾਈ ਸਾਲ ਦੀ ਇਕ ਸੱਚੇ ਸੇਵਕ ਵਾਂਗ ਸਾਧਨਾ ਨੇ ਉਹਨਾਂ ਲਈ ਪੂਰਨ ਗੁਰੂ ਦੀ ਅਗਵਾਈ ਅਤੇ ਗੁਣਾਂ ਦੀ ਲੋੜ ਨੂੰ ਸਾਬਤ ਕਰ ਦਿਤਾ, ਜੋ ਆਪੂੰ ਅਧਿਆਤਮਕ ਮਾਰਗ ਤੇ ਚੱਲਿਆ ਹੋਵੇ ਅਤੇ ਦੂਜਿਆਂ ਦੀ ਅਗਵਾਈ ਕਰਨ ਦੇ ਜੋਗ ਹੋਵੇ।

## ਗੁਰੂ

ਗੁਰੂ ਰਾਮਦਾਸ ਜੀ ਗੁਰੂ ਨੂੰ ਇਕ ਪ੍ਰਕਾਰ ਦੀ ਕਿਸ਼ਤੀ ਜਾਂ ਸਮੁੰਦਰੀ ਜ਼ਹਾਜ ਸਮਝਦੇ ਹਨ, ਜੋ ਤ੍ਰਿਸ਼ਨਾਵਾਂ ਭਰੇ ਸੰਸਾਰ ਸਾਗਰ ਤੋਂ ਮਨੁੱਖ ਨੂੰ ਪਾਰ ਕਰ ਸਕੇ। ਜੋ ਮਨੁੱਖ ਅਤੇ ਪਰਮਾਤਮਾ ਵਿਚਕਾਰ ਵਿਚੋਲਾ ਹੋਵੇ। ਉਹ ਗੁਰੂ ਨੂੰ ਇਕ ਅਜਿਹੇ ਵਪਾਰੀ ਨਾਲ ਤੁਲਨਾ ਦੇਂਦੇ ਹਨ ਜੋ ਵਾਹਿਗੁਰੂ ਦੇ ਨਾਮ ਦਾ ਵਣਜ ਕਰਦਾ ਹੋਵੇ, ਤੇ ਉਸ ਦੇ ਪਵਿਤਰ ਨਾਮ ਦਾ ਇਕ ਹਿੱਸਾ ਆਪਣੇ ਸੇਵਕ ਨੂੰ ਪ੍ਰਦਾਨ ਕਰੇ। ਜਿਹੜੇ ਸੱਚੇ ਗੁਰੂ ਦੇ ਉਪਦੇਸ਼ ਤੇ ਪੂਰੀ ਸਿਦਕ ਦਿਲੀ ਨਾਲ ਅਮਲ ਕਰਦੇ ਹਨ, ਉਹ ਉਸ ਵਰਗੇ ਹੋ ਜਾਂਦੇ ਹਨ:-

"ਜਿਨ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ॥"

ਗੁਰੂ ਰਾਮਦਾਸ ਜੀ, ਤੀਜੇ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਪੂਰੀ ਤਰ੍ਹਾਂ ਇਕ ਸਿੱਖ ਵਾਂਗ ਰਹਿੰਦੇ ਸਨ। ਆਪ ਗੁਰੂ ਲਈ ਆਪਣੀ ਬਿਹਬਲਤਾ ਤੇ ਪਿਆਰ ਨੂੰ ਇਉਂ ਪ੍ਰਗਟ ਕਰਦੇ ਹਨ :

"ਧਨੁ ਧਨੁ ਸਤਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ॥
ਧਨੁ ਧਨੁ ਸਤਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ॥"

ਗੁਰੂ ਰਾਮਦਾਸ ਅਨੁਸਾਰ, ਗੁਰੂ ਅਤੇ ਸਿਖ ਦਾ ਪਿਆਰ ਇਕ ਪਿਤਾ ਅਤੇ ਲਾਚਾਰ ਬੱਚੇ ਸਮਾਨ ਹੈ, ਪਤੀ ਪ੍ਰਤੀ ਉਸ ਦੀ ਯੁਵਕ ਇਸਤਰੀ ਦੇ ਸਮਾਨ ਹੈ ਆਪਣੇ ਮਾਲਕ ਪ੍ਰਤੀ ਉਸਦੇ ਸੇਵਕ ਦੀ ਸੇਵਾ ਭਾਵਨਾ ਵਾਂਗ ਹੈ। ਇਸ ਸੱਚੇ ਪਿਆਰ ਵਿਚ ਰੰਚਕ ਮਾਤਰ ਵੀ ਹਉਮੈ ਲਈ ਥਾਂ ਨਹੀਂ ਹੁੰਦੀ।


www.AKJ.Org

"ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ॥
ਸੁਤੁ ਖਿਨੁ ਖਿਨੁ ਭੂਲਿ ਬਿਗਾਰਿ ਜਗਤ ਪਿਤ ਭਾਵਹਿਗੇ॥"

ਗੁਰੂ ਸਿੱਖ ਵਿਚਲੀ ਹਉਮੈ ਨੂੰ ਖਤਮ ਕਰ ਦਿੰਦਾ ਹੈ, ਜਿਹੜੀ ਉਸਦੇ ਅਤੇ ਪਰਮਾਤਮਾ ਵਿਚਕਾਰ ਦੀਵਾਰ ਬਣ ਕੇ ਖੜੀ ਹੁੰਦੀ ਹੈ। ਗੁਰੂ ਅਧਿਆਤਮਕ ਮਾਰਗ ਉਪਰ ਆਪਣੇ ਭਗਤ ਦੀ ਅਗਵਾਈ ਕਰਦਾ ਹੈ, ਕਿਉਂਕਿ ਉਹ ਆਪਣੇ ਗੁਰੂ ਦੇ ਉਪਦੇਸ਼ ਮੰਨਣ ਮਗਰੋਂ ਤਿੰਨ ਪੜਾਵਾਂ ਵਿਚੋਂ ਲੰਘਦਾ ਹੈ ਅਤੇ ਆਪਣੇ ਮਨ ਵਿਚ ਉਹਨਾਂ ਨੂੰ ਸੱਚਿਆਂ ਮੰਨ ਕੇ ਉਹਨਾਂ ਉਪਰ ਮਨ, ਬਚਨ ਤੇ ਕਰਮ ਰਾਹੀਂ ਅਮਲ ਕਰਦਾ ਹੈ :-

"ਸਤਿਗੁਰ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ॥"

ਗੁਰੂ ਵਾਂਗ ਹੀ, ਸਿੱਖ ਦੇ ਅਧਿਆਤਮਕ ਵਿਕਾਸ ਲਈ ਸਾਧ ਸੰਗਤ ਵੀ ਉਨੀ ਹੀ ਲਾਹੇਵੰਦੀ ਹੈ। ਗੁਰੂ ਰਾਮਦਾਸ ਜੀ ਕਹਿੰਦੇ ਹਨ :-

"ਸਤ ਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ॥"

## ਨਾਮ/ ਅੰਮ੍ਰਿਤਰਸ /ਕੀਰਤਨ

ਗੁਰਬਾਣੀ ਜਾਂ ਨਾਮ ਉਪਰ ਧਿਆਨ ਲਗਾਉਣਾ ਸਿੱਖ ਧਰਮ ਦਾ ਬੁਨਿਆਦੀ ਕਰਮ ਹੈ। ਨਾਮ ਬ੍ਰਹਿਮੰਡੀ ਸ਼ਕਤੀ ਹੈ, ਸਰਬ ਵਿਆਪੀ ਰੱਬੀ ਸੱਤਾ ਹੈ ਪਰੰਤੂ ਇਹ ਉਸ ਨੂੰ ਹੀ ਪ੍ਰਾਪਤ ਹੁੰਦੀ ਹੈ, ਜੋ ਇਸ ਦੇ ਭੇਦ ਨੂੰ ਜਾਣਦਾ ਹੋਵੇ।

ਕੀਰਤਨ, ਜਿਸ ਰਾਹੀਂ ਪ੍ਰਭੂ ਦੀ ਮਹਿਮਾ ਗਾਈ ਜਾਂਦੀ ਹੈ, ਮਨੁੱਖ ਨੂੰ ਉਸਦੇ ਭੌਤਿਕ ਵਾਤਾਵਰਣ ਤੋਂ ਅੱਡ ਕਰਕੇ ਉਸ ਅੰਤਰੀਵ ਚੇਤੰਨਤਾ ਵਲ ਲੈ ਜਾਂਦਾ ਹੈ, ਕਿਉਂਕਿ ਕੀਰਤਨ ਹੋਰ ਕੁਝ ਨਹੀਂ, ਸਿਰਫ ਨਾਮ ਹੀ ਹੁੰਦਾ ਹੈ। ਕੀਰਤਨ ਕਰਨ ਲਗਿਆ ਮਨੁੱਖ ਗੁਰੂ ਨੂੰ ਹਾਜ਼ਰ ਨਾਜ਼ਰ ਅਨੁਭਵ ਕਰਦਾ ਹੈ। ਫਿਰ ਗੁਰੂ ਉਸ ਨੂੰ ਸ਼ਬਦ ਵਲ ਲੈ ਜਾਂਦਾ ਹੈ ਅਤੇ ਇੰਜ ਨਾਮ ਉਪਰ ਧਿਆਨ ਲਗਾਉਣ ਨਾਲ ਉਸ ਵਿਚ ਖੇੜਾ ਅਤੇ ਸੰਤੋਖ ਪੈਦਾ ਹੋ ਜਾਂਦਾ ਹੈ, ਜਿਸ ਨੂੰ ਗੁਰੂ ਰਾਮਦਾਸ ਜੀ ਅੰਮ੍ਰਿਤ ਰਸ ਜਾਂ ਮਹਾਂ ਰਸ ਜਾਂ ਹਰਿ ਰਸ ਦਾ ਨਾਂ ਦੇਂਦੇ ਹਨ। ਇਹ ਅਨੰਦ ਉਸਨੂੰ ਵਿਸਮਾਦੀ ਅਵਸਥਾ ਵਿਚ ਲੈ ਜਾਂਦਾ ਹੈ :-

"ਜਪਿ ਮਨ ਹਰਿ ਹਰਿ ਨਾਮ ਰਸਿ ਧ੍ਰਾਪੈ॥ ਅੰਮ੍ਰਿਤ ਨਾਮੁ ਮਹਾਰਸ ਮੀਠਾ ਗੁਰ ਸਬਦੀ ਚਖਿ ਜਾਪੈ॥

ਨਾਮ ਦਾ ਤਜਰਬਾ ਸਾਰਥਕ ਹੁੰਦਾ ਹੈ ਅਤੇ ਉਹ ਇਵੇਂ ਹੀ ਸੱਚਾ ਹੁੰਦਾ ਹੈ ਜਿਵੇਂ ਕੋਈ ਭੌਤਿਕ ਵਸਤੂ ਹੋਵੇ। ਗੁਰੂ ਰਾਮਦਾਸ ਜੀ ਨਾਮ ਦੀ ਇਕ ਅਮੁੱਲੇ ਮਾਣਕ ਨਾਮ ਤੁਲਨਾ ਕਰਦੇ ਹਨ। ਗੁਰੂ ਜੀ ਉਸ ਨੂੰ ਸਿੱਖ ਦੇ ਸਾਹਮਣੇ ਰੱਖ ਕੇ ਉਸ ਦੀ ਸੁੰਦਰਤਾ ਅਤੇ ਕੀਮਤ ਨੂੰ ਇੰਜ ਬਿਆਨਦੇ ਹਨ :-

"ਨਾਮ ਅਮੋਲਕ ਰਤਨੁ ਹੈ ਪੂਰੇ ਸਤਿਗੁਰ ਪਾਸਿ॥
ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥"

ਗੁਰੂ ਰਾਮਦਾਸ ਜੀ ਉਸ ਅਨਹਦ ਨਾਦ ਦਾ ਜ਼ਿਕਰ ਕਰਦੇ ਹਨ, ਜਿਹੜਾ ਸਿਰਫ ਸੱਚੇ ਭਗਤ ਨੂੰ ਹੀ ਸੁਣੀਂਦਾ ਹੈ। ਜੋ ਸੱਚਾ ਯੋਗੀ ਹੈ ਜਦੋਂ ਉਹ ਨਾਮ ਜਪ ਰਿਹਾ ਹੁੰਦਾ ਹੈ, ਉਸਦਾ ਦਿਲ ਅੰਦਰਲੀ ਟੇਕ ਤੇ ਅੰਮ੍ਰਿਤ ਨਾਮ ਸ਼ਰਸ਼ਾਰ ਹੋਇਆ ਹੁੰਦਾ ਹੈ।

"ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ॥
ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰਧਾਰ ਚੁਆਵੈਗੋ॥"

ਕੀਰਤਨ ਸਿੱਖ ਧਰਮ ਨੂੰ ਇਕ ਲਾਸਾਨੀ ਦੇਣ ਹੈ ਅਤੇ ਮਨੁੱਖ ਦੀ ਅੰਤਰ ਆਤਮਾ ਨੂੰ ਗੁਰੂ ਨਾਲ ਮਿਲਾਉਣ ਦਾ ਇਕ ਸ਼ਕਤੀਸ਼ਾਲੀ ਸਾਧਨ ਹੈ। ਗੁਰਬਾਣੀ ਅਤੇ ਕੀਰਤਨ ਦੇ ਗੁਣ ਸਰਬ-ਪੱਖੀ ਹਨ। ਪਹਿਲਾਂ, ਜਿਵੇਂ ਸਾਬਣ ਨਾਲ ਮੈਲ ਧੋਤੀ ਜਾਂਦੀ ਹੈ, ਇਵੇਂ ਹੀ ਨਾਮ ਨਾਲ ਮਨ ਅੰਦਰ ਦੀ ਮੈਲ ਧੋਤੀ ਜਾਂਦੀ ਹੈ।

"ਤਿਨ ਕੇ ਪਾਪ ਦੋਖ ਸਭਿ ਬਿਨਸੇ ਜਿਨ ਮਨਿ ਚਿਤਿ ਇਕੁ ਅਰਾਧਿਆ॥"

ਦੂਜਾ ਇਸ ਰਾਹੀਂ ਮਨੁੱਖ ਸੇਵਾ, ਸਦਗੁਣ ਅਤੇ ਪ੍ਰੇਮਾ ਭਗਤੀ ਵਾਲਾ ਜੀਵਨ ਜੀਣ ਦੇ ਯੋਗ ਹੋ ਜਾਂਦਾ


www.AKJ.Org

ਹੈ। ਉਹਨੂੰ ਆਪਣੇ ਅੰਦਰ ਦੀ ਜੋਤ ਤੋਂ ਚਾਨਣਾ ਮਿਲਦਾ ਹੈ ਅਤੇ ਇੰਜ ਉਸ ਦੇ ਚਾਨਣ ਵਿਚ ਉਹ ਆਪਣਾ ਦੈਨਿਕ ਕਾਰ-ਵਿਹਾਰ ਸ਼ਾਂਤੀ ਤੇ ਖੁਸ਼ੀ ਨਾਲ ਕਰਦਾ ਹੈ।

## ਭਗਤੀ ਅਤੇ ਨਿਮਰਤਾ

ਭਗਤੀ ਦਾ ਮਤਲਬ ਹੈ ਗੁਰੂ ਲਈ ਤੀਬਰ ਪਿਆਰ ਤੇ ਸਨਮਾਨ ਅਤੇ ਨਾਮ ਵਿਚਲੀਨਤਾ। ਗੁਰੂ ਰਾਮਦਾਸ ਅਨੁਸਾਰ, ਜਿਵੇਂ ਇਕ ਨਸ਼ਈ ਨਸ਼ੇ ਬਿਨਾਂ ਨਹੀਂ ਰਹਿ ਸਕਦਾ, ਏਵੇਂ ਹੀ ਇਕ ਭਗਤ ਗੁਰੂ ਜਾਂ ਪਰਮਾਤਮਾ ਦੀ ਭਗਤੀ ਬਿਨਾਂ ਨਹੀਂ ਰਹਿ ਸਕਦਾ, ਗੁਰੂ ਭਗਤ ਨੂੰ ਇਕ ਮਛਲੀ ਨਾਲ ਤੁਲਨਾ ਦੇਂਦੇ ਹਨ। ਆਪ ਦਾ ਫੁਰਮਾਨ ਹੈ :–

"ਮੇਰੈ ਮਨਿ ਐਸੀ ਭਗਤਿ ਬਨਿ ਆਈ।। ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ
ਜੈਸੇ ਜਲ ਬਿਨੁ ਮੀਨੁ ਮਰਿ ਜਾਈ।।"

ਸਿੱਖ ਤਾਂ ਆਪਣਾ ਸਭ ਕੁਝ ਤਨ, ਮਨ ਅਤੇ ਆਤਮਾ-ਆਪਣੇ ਗੁਰੂ ਦੇ ਅਰਪਣ ਕਰ ਦੇਂਦਾ ਹੈ :-

"ਮਨੁ ਬੁਧਿ ਅਰਪਿ ਧਰਉ ਗੁਰ ਆਗੈ ਗੁਰ ਪਰਸਾਦੀ ਮੈਂ ਅਕਥ ਕਥਈਆ।।"

ਭਗਤ ਇਹ ਮਹਿਸੂਸ ਕਰਦਾ ਹੈ ਕਿ ਉਸ ਵਿਚ ਕੋਈ ਗੁਣ ਨਹੀਂ, ਪਰ ਇਹ ਗੁਰੂ ਦੀ ਮਹਾਨਤਾ ਹੈ ਕਿ ਉਸ ਨੂੰ ਸੇਵਾ ਭਗਤ ਲਈ ਚੁਣਿਆ ਗਿਆ ਹੈ। ਗੁਰੂ ਰਾਮਦਾਸ ਜੀ ਫੁਰਮਾਂਦੇ ਹਨ :–

"ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ।।
ਹਮ ਚੇਰੀ ਤੂੰ ਅਗਮ ਗੁਸਾਈ ਕਿਆ ਹਮ ਕਰਹ ਤੇਰੈ ਵਸਿ ਪਈਆ।।
ਮੇਰੇ ਰਾਮ ਮੈਂ ਮੂਰਖ ਹਰਿ ਰਾਖੁ ਮੇਰੇ ਗੁਸਈਆ।।
ਜਨ ਕੀ ਉਪਮਾ ਤੁਝਹਿ ਵਡਈਆ।।"

## ਰੱਬੀ ਮਿਹਰ (ਕਿਰਪਾ)

ਸਿੱਖ ਧਰਮ ਕਿਰਪਾ (ਗੁਰ ਪ੍ਰਸਾਦਿ) ਦਾ ਧਰਮ ਹੈ। ਮਨੁੱਖ ਭਾਵੇਂ ਆਪਣੀ ਕਿੰਨੀ ਵਾਹ ਲਾਵੇ, ਪਰ ਉਹ ਰੱਬੀ ਮਿਹਰ ਤੋਂ ਬਿਨਾਂ ਸਫਲ ਨਹੀਂ ਹੋ ਸਕਦਾ। ਇਹ ਵਾਹਿਗੁਰੂ ਦੇ ਵਸ ਹੀ ਹੈ ਕਿ ਉਹ ਆਪਣੇ ਭਗਤ ਦੀ ਸੇਵਾ ਕਬੂਲ ਕਰੇ ਜਾਂ ਨਾ ਕਰੇ। ਗੁਰੂ ਰਾਮਦਾਸ ਜੀ ਫੁਰਮਾਂਦੇ ਹਨ :–

"ਸਭ ਤੇਰੀ ਤੂੰ ਸਭਨੀ ਧਿਆਇਆ।। ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ।।

ਕਿਸੇ ਵੇਲੇ ਆਪਣੇ ਭਗਤ ਦੀ ਸ਼ਰਧਾ ਦੀ ਥਾਹ ਲੈਣ ਲਈ ਪਰਮਾਤਮਾ ਉਸ ਨੂੰ ਦੁਖ ਅਤੇ ਕਸ਼ਟ ਵੀ ਦਿੰਦਾ ਹੈ। ਫਿਰ ਪਰਮਾਤਮਾ ਉਹਨਾਂ ਉਪਰ ਆਪਣੀ ਬਖਸ਼ਿਸ਼ ਦੀ ਛਹਿਬਰ ਦਿੰਦੇ ਹਨ ਜਿਹੜੇ ਉਸਦੇ ਮਾਰਗ ਤੇ ਸ਼ੁਕਰ ਤੇ ਸੰਤੋਖ ਨਾਲ ਚਲਦੇ ਹਨ :–

"ਭਗਤਾ ਕਉ ਨਾਮ ਅਧਾਰੁ ਹੈ ਨਾਮੇ ਸੁਖੁ ਹੋਈ।।"

## ਅੰਤਮ ਪੜਾਅ : ਮਿਲਾਪ/ਪਰਮ ਅਨੰਦ

ਭਗਤ ਦੀ ਅੰਤਮ ਹਾਲਤ ਦਾ ਬਿਆਨ ਕਰਨਾ ਬਹੁਤ ਮੁਸ਼ਕਿਲ ਹੈ। ਸਿਰਫ ਉਹੀ ਇਸ ਅਵਸਥਾ ਨੂੰ ਜਾਣ ਸਕਦੇ ਹਨ ਜਿਨ੍ਹਾਂ ਇਸ ਰਸ ਨੂੰ ਚਖਿਆ ਹੋਵੇ। ਗੁਰੂ ਜੀ ਸਾਨੂੰ ਦਸਦੇ ਹਨ ਜਿਵੇਂ ਕੋਈ ਗੂੰਗਾ ਸਾਨੂੰ ਮਠਿਆਈ ਦਾ ਸੁਆਦ ਨਹੀਂ ਦਸ ਸਕਦਾ ਏਸੇ ਤਰ੍ਹਾਂ ਹੀ ਪਰਮਾਤਮਾ ਦੇ ਰਸ ਵਿਚ ਮੱਤਾ ਮਨੁੱਖ ਪਰਮ ਅਨੰਦ ਦੀ ਅਵਸਥਾ ਨੂੰ ਬਿਆਨ ਨਹੀਂ ਕਰ ਸਕਦਾ। ਗੁਰੂ ਅਜਿਹੀ ਆਤਮਾ ਨੂੰ ਬ੍ਰਹਮ ਗਿਆਨ ਜਾਂ ਜੀਵਨ ਮੁਕਤ ਦਾ ਨਾਂ ਦੇਂਦੇ ਹਨ। ਗੁਰੂ ਰਾਮਦਾਸ ਜੀ ਫੁਰਮਾਂਦੇ ਹਨ :–

"ਜੋਜਨ ਮਰਿਜੀਵੇ ਤਿਨ ਅੰਮ੍ਰਿਤੁ ਪੀਵੇ ਮਨਿ ਲਾਗਾ ਗੁਰਮਤਿ ਭਾਉ ਜੀਉ।।"

"ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ ਹਰਿ ਲਾਹਾ ਪਦੁ ਨਿਰਬਾਣੁ ਜੀਉ।।"

ਇਹੀ ਮਨੁੱਖ ਦੀ ਅੰਤਮ ਹੋਣੀ ਹੈ, ਅੰਤਮ ਅਵਸਥਾ ਹੈ, ਜਿਹੜੀ ਕਿ ਗੁਰੂ ਰਾਮਦਾਸ ਜੀ ਨੇ ਸੇਵਾ ਨੂੰ ਭਗਤ ਵਾਲੇ ਆਪਣੇ ਜੀਵਨ ਵਿਚ ਪ੍ਰਾਪਤ ਕੀਤੀ ਅਤੇ ਫਿਰ ਇਸ ਬ੍ਰਹਮ ਜੋਤੀ ਨੂੰ ਉਹਨਾਂ ਨੇ ਆਪਣੇ ਸਪੁੱਤਰ ਗੁਰੂ ਅਰਜਨ ਵਿਚ ਪਰਵੇਸ਼ ਕਰ ਦਿੱਤਾ।



www.AKJ.Org

# ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ

-ਪਾਧੀ ਨਨਕਾਣਵੀਂ-

ਜਦੋਂ ਸੱਤਾਂ ਕੁ ਸਾਲਾਂ ਦੇ ਯਤੀਮ ਬਾਲ ਭਾਈ ਜੇਠਾ ਜੀ, ਆਪਣਾ ਚੂਨਾ ਮੰਡੀ ਲਾਹੌਰ ਵਾਲਾ ਘਰ ਛੱਡ ਕੇ ਆਪਣੀ ਨਾਨੀ ਜੀ ਨਾਲ 'ਬਾਸਰਕੇ' ਪਿੰਡ ਪਹੁੰਚੇ ਤਾਂ ਪਿੰਡ ਦੇ ਸਮੂਹ ਲੋਕ ਉਨਾਂ ਦੇ ਨਾਨੀ ਜੀ ਦੇ ਘਰ ਆਏ। ਬਾਲਕ ਨੂੰ ਵੇਖ ਕੇ ਲੋਕਾਂ ਦੇ ਚਿੱਤ ਡਾਢੇ ਖਰਾਬ ਹੋਏ, ਤੇ ਇਸਤਰੀਆਂ ਤਾਂ ਹੰਝੂ ਭਰ-ਭਰ ਰੁੰਨੀਆਂ। ਵਿਚਾਰਾ ਜੇਠਾ, ਮਾਂ-ਮਹਿਟਰ ਤੇ ਹੁਣ ਪਿਓ ਦੀ ਛਾਂ ਵੀ ਡਾਢੇ ਰੱਬ ਨੇ ਹਟਾ ਦਿਤੀ। ਵਿਚਾਰੀ ਬੁੱਢੜੀ ਨਾਨੀ ਨੂੰ ਇਸ ਉਮਰੇ ਦੋਹਤੇ ਦੀ ਸੰਭਾਲ ਕਰਨੀ ਪੈ ਰਹੀ ਸੀ ਤੇ ਲੋਕ ਡਾਹਢੇ ਹੱਥ ਦੀ ਬੇਪ੍ਰਵਾਹੀਆਂ ਤੱਕ ਕੇ, ਕੰਨਾਂ ਨੂੰ ਹੱਥ ਲਾਉਂਦੇ ਹੋਏ ਆਪੋ ਆਪਣੇ ਘਰਾਂ ਨੂੰ ਤੁਰ ਗਏ। ਇਸ ਭੀੜ-ਭੜੱਕੇ ਪਿੱਛੋ ਪਿੰਡ ਬਾਸਰਕੇ ਦੇ ਹੀ ਚਿਰਾਗ, ਬਾਬਾ ਅਮਰਦਾਸ ਜੀ ਵੀ ਭਾਈ ਜੇਠੇ ਦੀ ਨਾਨੀ ਦੇ ਘਰ ਪਧਾਰੇ। ਬੱਚੇ ਦੇ ਸਿਰ 'ਤੇ ਹੱਥ ਫੇਰਿਆ, ਤੇ ਸੱਚੇ ਰੱਬ ਪਾਸੋਂ ਉਨ੍ਹਾਂ ਦੀ ਰਖਸ਼ਾ ਲਈ ਅਰਜੋਈ ਕੀਤੀ। ਬਾਬਾ ਅਮਰਦਾਸ ਜੀ ਨੇ ਉਨ੍ਹਾਂ ਦੇ ਨਾਨੀ ਜੀ ਨੂੰ ਧਰਵਾਸ ਦਿਤਾ ਤੇ ਫਿਰ ਉਹ ਆਪਣੇ ਘਰ ਵਾਪਸ ਚਲੇ ਗਏ। ਨਾਨੀ ਵਿਚਾਰੀ ਵੀ ਅਤਿ ਦੀ ਗਰੀਬੀ ਹੰਢਾ ਰਹੀ ਸੀ ਤੇ ਉਸ ਭਾਈ ਜੇਠਾ ਜੀ ਨੂੰ ਘੁੰਗਣੀਆਂ ਵੇਚਣ ਦੇ ਕਾਰੇ ਲਾ ਦਿਤਾ।

ਤੇ ਫਿਰ ਇਕ ਸਮਾਂ ਆਇਆ, ਬਾਬਾ ਅਮਰਦਾਸ ਜੀ, ਤੀਜੀ ਪਾਤਸ਼ਾਹੀ ਦੇ ਰੂਪ ਵਿਚ ਗੋਇੰਦਵਾਲ ਸਾਹਿਬ ਵਿਚ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਤੇ ਬਿਰਾਜਮਾਨ ਹੋ ਕੇ ਵਿਚਰਨ ਲੱਗੇ। ਪਰ ਆਪ ਨੇ ਭਾਈ ਜੇਠਾ ਜੀ ਨੂੰ ਨਹੀਂ ਵਿਸਾਰਿਆ ਤੇ ਉਨ੍ਹਾਂ ਨੂੰ ਸਣੇ ਨਾਨੀ ਜੀ ਦੇ ਗੋਇੰਦਵਾਲ ਸੱਦ ਘਲਿਆ। ਇਥੇ ਆ ਕੇ, ਜਿਥੇ ਨੌਜਵਾਨੀ ਦੀਆਂ ਮੰਜ਼ਲਾਂ ਤੈਅ ਕਰ ਰਹੇ ਭਾਈ ਜੇਠਾ ਜੀ ਨੇ ਆਪਣੀ ਰੋਜ਼ੀ ਰੋਟੀ ਲਈ ਹੱਥ ਪੈਰ ਮਾਰਨੇ ਸ਼ੁਰੂ ਕੀਤੇ, ਉਥੇ ਉਹ ਗੁਰੂ-ਘਰ ਦੀ ਸੇਵਾ ਕਰਨ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲੈਣ ਲੱਗ ਪਏ ਤੇ ਫਿਰ ਨਿਤਾਣਿਆਂ ਨੂੰ ਤਾਣ ਬਖਸ਼ਣ ਵਾਲੇ, ਗੁਰੂ ਅਮਰਦਾਸ ਜੀ ਦੀ ਨਦਰ ਜਦੋਂ ਇਨ੍ਹਾਂ'ਤੇ ਪਈ ਤਾਂ ਇਹ ਨਿਹਾਲ ਹੋ ਗਏ। ਤੀਜੇ ਪਾਤਸ਼ਾਹ ਨੇ ਆਪਣੀ ਛੋਟੀ ਬੱਚੜੀ ਬੀਬੀ ਭਾਨੀ, ਇਨ੍ਹਾਂ ਨਾਲ ਵਿਆਹ ਦਿਤੀ।

ਉਨ੍ਹੀਂ ਦਿਨੀਂ ਗੋਇੰਦਵਾਲ ਦੀ ਉਸਾਰੀ ਸ੍ਰੀ ਗੁਰੂ ਅਮਰਦਾਸ ਜੀ ਦੀ ਨਿਗਰਾਨੀ ਹੇਠ ਬੜੀ ਤੇਜ਼ੀ ਨਾਲ ਜਾਰੀ ਸੀ। ਸੰਗਤਾਂ ਦੀ ਹਰ ਤਰ੍ਹਾਂ ਦੀ ਸਹੂਲਤ ਲਈ ਬਾਉਲੀ ਸਾਹਿਬ ਦੀ ਖੁਦਵਾਈ ਵੀ ਹੋ ਰਹੀ ਸੀ। ਸੋ ਗੁਰੂ ਘਰ ਦੇ ਅਨੇਕ ਸਿੱਖਾਂ ਨਾਲ, ਭਾਈ ਜੇਠਾ ਜੀ ਵੀ ਬਾਉਲੀ ਦੀ ਕਾਰ ਸੇਵਾ ਵਿਚ ਰੁਚਿਤ ਹੋ ਰਹੇ ਸਨ। ਉਨ੍ਹਾਂ ਆਪਣੇ ਮਨ ਮੰਦਰ ਵਿਚ ਇਹ ਵਿਚਾਰ ਕਦੇ ਲਿਆਂਦਾ ਹੀ ਨਹੀਂ ਸੀ ਕਿ ਉਹ ਸਤਿਗੁਰੂ ਦੇ ਜੁਆਈ ਲੱਗਦੇ ਹਨ, ਤੇ ਉਨ੍ਹਾਂ ਨੂੰ ਗੁਰੂ-ਘਰ ਦੇ ਦੂਜੇ ਗੁਰ ਸਿੱਖਾਂ ਵਾਂਗ ਸਿਰ 'ਤੇ ਗਾਰੇ ਦੀ ਟੋਕਰੀ ਨਹੀਂ ਉਠਾਉਣੀ ਚਾਹੀਦੀ। ਕਹਿੰਦੇ ਹਨ ਕਿ ਇਕ ਵਾਰੀ ਉਨ੍ਹਾਂ ਦੇ ਕੁਝ ਨਜ਼ਦੀਕੀ ਰਿਸ਼ਤੇਦਾਰ ਸੋਢੀ, ਗੋਇੰਦਵਾਲ ਸਾਹਿਬ ਆਏ। ਜਦੋਂ ਉਨ੍ਹਾਂ ਨੇ ਭਾਈ ਜੇਠਾ ਜੀ ਨੂੰ ਆਪਣੇ ਸਿਰ 'ਤੇ ਗਾਰੇ ਦੇ ਟੋਕਰੀ ਚੁੱਕੀ ਡਿੱਠਾ, ਤਾਂ ਉਨ੍ਹਾਂ ਨੂੰ ਪੈਰਾਂ ਥਲਿਓਂ ਧਰਤੀ ਖਿਸਕਦੀ ਜਾਪੀ। ਉਹ ਕ੍ਰੋਧ ਵਿਚ ਗ੍ਰਸੇ ਗਏ। ਜ਼ਾਤ ਤੇ ਰਿਸ਼ਤੇਦਾਰੀ ਦੇ ਅਭਿਮਾਨ ਨੇ ਉਨ੍ਹਾਂ ਦੀ ਸੁੱਧ ਬੁੱਧ ਭੁਲਾ ਦਿਤੀ ਤੇ ਉਹ ਸਮਰੱਥ ਗੁਰੂ, .ਅਮਰ ਦਾਸ ਜੀ ਦੀ ਧੂੜੀ ਆਪਣੇ ਮਸਤਕ 'ਤੇ ਲਾਏ ਬਿਨਾਂ ਹੀ, ਗੁਰੂ ਪਾਤਸ਼ਾਹ ਦੇ ਹਜ਼ੂਰ ਬਚਨ ਕੁਬਚਨ ਬੋਲ ਉਠੇ ਕਿ ਉਨ੍ਹਾਂ ਨੇ ਆਪਣੇ ਜਵਾਈ ਨੂੰ ਮਜ਼ਦੂਰਾਂ ਵਰਗੇ ਕੰਮ 'ਤੇ ਲਾ ਰੱਖਿਆ ਹੈ। ਪਰੰਤੂ ਸਭ ਕੁਝ ਸੁਣ ਕੇ ਸਤਿਗੁਰੂ ਉਂਜ ਹੀ ਸ਼ਾਂਤ ਚਿੱਤ ਬੈਠੇ ਰਹੇ। ਜਦ ਭਾਈ ਜੇਠਾ ਜੀ ਨੂੰ ਆਪਣੇ ਕਥਿਤ ਰਿਸ਼ਤੇਦਾਰਾਂ ਦੇ ਕੁਰਬਚਨਾਂ ਬਾਰੇ ਪਤਾ ਲੱਗਾ ਤਾਂ ਆਪ ਨੇ ਸੱਚੇ ਪਾਤਸ਼ਾਹ ਜੀ ਦੇ ਚਰਨ ਜਾ ਫੜੇ ਤੇ ਅੱਖਾਂ ਵਿਚ ਹੰਝੂ ਭਰ ਕੇ ਇਉਂ ਬੇਨਤੀ ਕੀਤੀ :

'ਪਾਤਸ਼ਾਹ ਜੀਓ, ਇਹ ਹਉਮੈ ਹੰਕਾਰ ਵਿਚ ਗ੍ਰਸੇ ਹੋਏ ਲੋਕ ਨੇ। ਇਨ੍ਹਾਂ ਨੇ ਆਪ ਜੀ ਦੀ ਘੋਰ ਨਿਰਾਦਰੀ ਕੀਤੀ ਏ। ਇਨ੍ਹਾਂ ਦੇ ਔਗੁਣ ਨਾ ਚਿਤਾਰਨਾ। ਗਰੀਬ ਨਿਵਾਜ਼ ਜੀਉ, ਤੁਸੀਂ ਨਿਮਾਣਿਆਂ ਤੇ ਨਿਤਾਣਿਆਂ ਨੂੰ ਤਾਣ ਬਖਸ਼ਣ ਵਾਲੇ ਓ । ਮੈਂ ਤੇ ਪਾਤਸ਼ਾਹ ਜੀਓ, ਆਪਣ ਧੰਨਭਾਗ ਸਮਝਦਾ ਹਾਂ, ਜੋ ਆਪ ਨੇ ਦਾਸ ਨੂੰ ਇਸ ਯੋਗ ਜਾਣਿਆ ਏ। ਇਨ੍ਹਾਂ ਲੋਕਾਂ ਦੀ ਸਮਝ ਊਣੀ ਏ। ਇਨ੍ਹਾਂ ਦੀਆਂ ਭੁੱਲਾਂ ਬਖਸ਼ ਛੱਡੋ। ਪਾਤਸ਼ਾਹ ਜੀਓ । ਗੁਰੂ ਨਾਨਕ ਦਾ ਦਰ ਘਰ ਵੱਡੇ ਦਿਲ ਵਾਲਾ ਏ ।



www.AKJ.Org

ਤੇ ਇੰਜ ਉਹ ਸੋਢੀ ਨਮੋਸ਼ੀ ਆਪਣੇ ਪੱਲੇ ਪੁਆ ਕੇ ਆਪਣੇ ਰਾਹ ਪੈ ਗਏ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਗੁਰੂ ਚੱਕ ਵਾਲੀ ਥਾਂ 'ਤੇ ਸਰੋਵਰ ਖੁਦਵਾਉਣ ਦੀ ਜ਼ਿੰਮੇਵਾਰੀ ਸੌਂਪੀ। ਬਾਦਸ਼ਾਹ ਅਕਬਰ ਦੇ ਦਰਬਾਰ ਵਿਚ, ਗੁਰੂ-ਘਰ ਦੇ ਦੋਖੀਆਂ ਦੀ ਸ਼ਿਕਾਇਤ ਦਾ ਉਤਰ ਦੇਣ ਲਈ ਭੇਜਿਆ, ਜਿਸ ਵਿਚ ਉਹ ਪੂਰੀ ਤਰ੍ਹਾਂ ਸਫਲ ਹੋਏ। ਆਪ ਜੀ ਨੇ ਗੁਰੂ ਨਾਨਕ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਜੋਈ ਕਰਕੇ ਗੁਰੂ ਘਰ ਦੇ ਦੋਖੀਆਂ ਦੀ ਇੱਕ-ਇੱਕ ਗੱਲ ਦਾ ਅਜਿਹੇ ਸੁਚੱਜੇ ਢੰਗ ਨਾਲ, ਬਾ-ਦਲੀਲ ਅਜਿਹਾ ਉਤਰ ਦਿੱਤਾ ਕਿ ਬਾਦਸ਼ਾਹ ਪ੍ਰਸੰਨ ਹੋ ਉਠਿਆ ਤੇ ਗੁਰੂ-ਘਰ ਦੇ ਦੋਖੀ, ਨਮੋਸ਼ੀ ਨਾਲ ਆਪਣੀਆਂ ਝੋਲੀਆਂ ਭਰ ਕੇ ਦਰਬਾਰੋਂ ਬਾਹਰ ਨਿਕਲੇ। ਯਾਨੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਹਰ ਤਰ੍ਹਾਂ ਨਾਲ ਪਰਖਿਆ, ਤੇ ਫਿਰ ਉਨ੍ਹਾਂ ਨੂੰ ਹੁਕਮੀ ਪੁਰਖ ਜਾਣ ਕੇ ਅਤੇ ਗੁਰ-ਗੱਦੀ ਦੀਆਂ ਜ਼ੁੰਮੇਵਾਰੀਆਂ ਨਿਭਾਉਣ ਵਿਚ ਹਰ ਤਰ੍ਹਾਂ ਨਿਪੁੰਨ ਜਾਣ ਕੇ, ਚੌਥੇ ਗੁਰੂ ਜੀ ਦੇ ਰੂਪ ਵਿਚ ਪ੍ਰਗਟਾਉਣ ਲਈ ਆਪਣਾ ਮਨ ਬਣਾ ਲਿਆ, ਸੋ ਉਨ੍ਹਾਂ ਨੇ ਇਲਾਕੇ ਭਰ ਦੀਆਂ ਸੰਗਤਾਂ ਨੂੰ ਗੋਇੰਦਵਾਲ ਸਾਹਿਬ ਵਿਚ ਇਕੱਤਰ ਹੋਣ ਲਈ ਹੁਕਮ ਕੀਤਾ। ਗੁਰੂ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਸਿੱਖ ਸੰਗਤਾਂ ਆਪੋ-ਆਪਣੇ ਕੰਮ ਕਾਰ ਛੱਡ ਕੇ ਵੀ, ਗੋਇੰਦਵਾਲ ਸਾਹਿਬ ਪੁੱਜੀਆਂ। ਉਨ੍ਹਾਂ ਨੇ ਗੁਰੂ ਨਾਨਕ ਸੱਚੇ ਪਾਤਸ਼ਾਹ ਜੀ ਦੇ ਅਤਿ ਉਚੇ ਦਰਬਾਰ ਵਿਚ ਹਾਜ਼ਰੀਆਂ ਭਰੀਆਂ, ਸੱਚੇ ਪਾਤਸ਼ਾਹ ਅਮਰਦਾਸ ਜੀ ਦੇ ਚਰਨ ਪਰਸ ਕੇ ਨਿਹਾਲੋ ਨਿਹਾਲ ਹੋਈਆਂ ਤੇ ਫਿਰ ਵਿਸ਼ੇਸ਼ ਦੀਵਾਨ ਸਜ ਗਿਆ। ਸੰਗਤਾਂ ਨੇ ਸੰਗਤ ਰੂਪ ਵਿਚ ਬੈਠ ਕੇ 'ਆਸਾ ਦੀ ਵਾਰ' ਦਾ ਕੀਰਤਨ ਸਰਵਣ ਕੀਤਾ। ਕੀਰਤਨ ਉਪਰੰਤ, ਸੰਗਤਾਂ ਨੇ ਧੌਣਾਂ ਚੁੱਕ ਚੁੱਕ ਕੇ ਦੇਖਿਆ ਕਿ ਸਤਿਗੁਰ ਜੀ ਨੇ ਸੰਗਤ ਵਿਚ ਬਿਰਾਜਮਾਨ, ਕੀਰਤਨ ਤੇ ਹਰੀ ਜਸ ਦਾ ਰਸ ਮਾਣ ਰਹੇ, ਭਾਈ ਜੇਠਾ ਜੀ ਨੂੰ ਬਾਂਹ ਤੋਂ ਫੜਿਆ ਤੇ ਫਿਰ ਉਚੇਰੇ ਤੌਰ ਤੇ ਆਣ ਬਿਠਾਇਆ। ਇਹ ਅਸਚਰਜ ਕੌਤਕ ਵੇਖਦੇ, ਭਾਈ ਜੇਠਾ ਜੀ ਆਪ ਵੀ ਹੋਰ ਇਕਤਰਿਤ ਹੋਰ ਸੰਗਤਾਂ ਵਾਂਗ ਹੈਰਾਨੀ ਵਿਚ ਡੁੱਬ ਗਏ। ਸੱਚੇ ਪਾਤਸ਼ਾਹ ਜੀ ਦੇ ਦੋਹਾਂ ਸਾਹਿਬਜ਼ਾਦਿਆਂ - ਬਾਬਾ ਮੋਹਣ ਤੇ ਬਾਬਾ ਮੋਹਰੀ ਜੀ ਨੇ ਵੀ ਹੈਰਾਨੀ ਨਾਲ ਸਭ ਕੰਮ ਡਿੱਠਾ। ਸਤਿਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਭਾਈ ਜੇਠਾ ਜੀ ਦੇ ਮਸਤਕ 'ਤੇ ਤਿਲਕ ਲਗਾਉਣ ਦਾ ਹੁਕਮ ਦਿਤਾ। ਫਿਰ ਉਨ੍ਹਾਂ ਪੰਜ ਪੈਸੇ ਤੇ ਨਾਰੀਅਲ ਭਾਈ ਜੇਠਾ ਜੀ ਦੇ ਚਰਨਾਂ ਵਿਚ ਰੱਖ ਕੇ ਮੱਥਾ ਟੇਕਿਆ ਅਤੇ ਚਾਰ ਪ੍ਰਕਰਮਾਂ ਕਰਕੇ, ਆਪ ਨੇ ਸੰਗਤਾਂ ਨੂੰ ਆਪਣੇ ਮਿੱਠੜੇ ਤੇ ਰਸੀਲੇ ਬੋਲਾਂ ਨਾਲ ਮੰਤਰ-ਮੁਗਧ ਕਰ ਦਿਤਾ। ਆਪ ਨੇ ਪ੍ਰਸੰਨ-ਚਿੱਤ ਹੋ ਕੇ, ਬੜੇ ਸਹਿਜ ਨਾਲ ਸਮੂਹ ਸੰਗਤ ਨੂੰ ਫੁਰਮਾਇਆ ਕਿ ਅੱਜ ਤੋਂ ਭਾਈ ਜੇਠਾ ਜੀ, ਰਾਮ ਦਾਸ ਜੀ ਦੇ ਰੂਪ ਵਿਚ ਗੁਰੂ ਨਾਨਕ ਗੱਦੀ ਚੌਥੀ ਪਾਤਸ਼ਾਹੀ ਵਜੋਂ ਪ੍ਰਗਟ ਹੋ ਗਏ ਹਨ। ਆਪ ਨੇ ਸੰਗਤਾਂ ਨੂੰ ਪ੍ਰੇਰਿਆ ਕਿ ਸਮੂੰਹ ਸਿੱਖ ਸੰਗਤਾਂ ਉਨ੍ਹਾਂ ਵਾਂਗ ਹੀ ਗੁਰੂ ਰਾਮ ਦਾਸ ਜੀ ਚੌਥੀ ਪਾਤਸ਼ਾਹੀ ਕਰਕੇ ਜਾਣਨਗੀਆਂ। ਹੈਰਾਨ ਪ੍ਰੇਸ਼ਾਨ ਬੈਠੇ ਉਨ੍ਹਾਂ ਆਪ ਦੇ ਦੋਹਾਂ ਸਾਹਿਬਜ਼ਾਦਿਆਂ ਨੂੰ ਸਮਝਾਇਆ ਅਤੇ ਪ੍ਰੇਰਿਆ ਕਿ ਉਹ ਗੁਰੂ ਰਾਮ ਦਾਸ ਜੀ ਦੇ ਚਰਨਾਂ ਉਤੇ ਗੁਰੂ ਜਾਣ ਕੇ ਮੱਥਾ ਟੇਕਣ ਕਿਉਂਕਿ 'ਗੁਰੂ ਨਾਨਕ ਦੀ ਗੱਦੀ ਕੋਈ ਵਿਰਾਸਤ ਦੀ ਵਸਤੂ ਨਹੀਂ' ਹੈ। ਇਹ ਹਰ ਤਰ੍ਹਾਂ ਨਾਲ ਯੋਗ ਹੁਕਮੀ ਬੰਦੇ ਨੂੰ ਹੀ ਪ੍ਰਾਪਤ ਹੁੰਦੀ ਹੈ। ਆਪ ਨੇ ਗੁਰੂ ਅੰਗਦ ਦੇਵ ਜੀ ਦੀ ਵੀ ਮਿਸਾਲ ਪੇਸ਼ ਕੀਤੀ ਤੇ ਫੁਰਮਾਇਆ :

**ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ॥**
**ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ ॥** (ਪੰਨਾ ੧੨੪੯)

ਇਸ 'ਤੇ ਉਨ੍ਹਾਂ ਦੋਹਾਂ ਸਾਹਿਬਜ਼ਾਦਿਆਂ ਨੇ ਗੁਰੂ ਰਾਮ ਦਾਸ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਬਾਅਦ ਵਿਚ ਸੰਗਤਾਂ ਦਾ ਸਾਰਾ ਇਕੱਠ ਮੱਥਾ ਟੇਕਣ ਲਈ ਉਮੱਡ ਪਿਆ। ਪਰੰਤੂ ਇਸ ਸਮੁੱਚੇ ਕਾਰਜ ਦੇ ਦੌਰਾਨ, ਗੁਰੂ ਰਾਮਦਾਸ ਜੀ, ਆਪਣੇ ਨੇਤਰ ਬੰਦ ਕੀਤੀ ਬੈਠੇ ਰਹੇ। ਗੁਰੂ-ਦਰਬਾਰ ਵਿਚ ਜੁੜੇ ਕਈ ਗੁਰਸਿੱਖ ਇਹ ਸੋਚੀ ਜਾ ਰਹੇ ਸਨ, ਕਿ ਗੁਰੂ ਨਾਨਕ ਦਾ ਦਰਬਾਰ ਕਿਤਨਾ ਉਚਾ ਹੈ, ਕਿ ਅੱਜ ਨਿਮਾਣੇ ਤੇ ਯਤੀਮ ਜਾਣੇ ਜਾਣ ਵਾਲੇ ਭਾਈ ਜੇਠਾ ਜੀ 'ਚੌਥੀ ਪਾਤਸ਼ਾਹੀ' ਦੇ ਰੂਪ ਵਿਚ ਗੁਰੂ ਰਾਮਦਾਸ ਜੀ ਅਖਵਾ ਰਹੇ ਹਨ। ਇਹੋ ਤਾਂ ਸ਼ਾਖਸ਼ਾਤ ਵਡਿਆਈ ਹੈ ਗੁਰੂ-ਘਰ ਦੀ। ਮੱਥਾ ਟੇਕਣ ਪਿਛੋਂ ਸੰਗਤਾਂ ਇੰਜ ਹੀ ਸ਼ਾਂਤ ਤੇ ਪ੍ਰਸੰਨ ਚਿੱਤ ਬੈਠੀਆਂ ਰਹੀਆਂ ਤੇ ਇੰਜ ਹੀ ਗੁਰੂ ਰਾਮਦਾਸ ਜੀ ਵੀ ਨੈਣ ਮੁੰਦੇ ਬੈਠੇ ਰਹੇ। ਗੁਰੂ ਪਿਆਰ ਵਿਚ ਭਿੱਜੇ ਤੇ ਨੀਰ ਵਹਾਉਂਦੇ ਹੋਏ ਸ਼ੁਕਰਾਨਾ ਕਰਦੇ ਪ੍ਰਤੀਤ ਹੁੰਦੇ ਸਨ ਕਿ ਗੁਰੂ ਨਾਨਕ ਕੇਡਾ ਵੱਡਾ ਗੁਰ-


www.AKJ.Org

ਪ੍ਰਮੇਸ਼ਰ ਹੈ ਕਿ ਜਿਨ੍ਹਾਂ ਨੇ ਅੱਜ ਇਕ ਯਤੀਮ ਤੇ ਬੇ ਸਹਾਰੇ ਆਖੇ ਜਾਣ ਵਾਲੇ ਦੇ ਸਿਰ 'ਤੇ ਆਪਣਾ ਮਿਹਰ ਭਰਿਆ ਹੱਥ ਆਣ ਧਰਿਆ ਹੈ। ਸਮੂਹ ਸੰਗਤ, ਗੁਰੂ ਪਾਤਸ਼ਾਹ ਜੀ ਦੇ ਨੂਰਾਨੀ ਸੁੰਦਰ ਮੁੱਖੜੇ ਨੂੰ ਨਿਹਾਰੀ ਜਾ ਰਹੀ ਸੀ। ਜਦੋਂ ਆਪ ਨੇ ਕਾਫੀ ਸਮੇਂ ਤਕ ਨੇਤਰ ਨਾ ਖੋਲ੍ਹੇ, ਤਾਂ ਗੁਰੂ ਅਮਰਦਾਸ ਜੀ ਮਹਾਰਾਜ ਨੇ ਪਿਆਰ ਵਿਚ ਮੁਗਧ ਹੋ ਕੇ ਆਪ ਜੀ ਨੂੰ ਸੰਗਤਾਂ ਨੂੰ ਦਰਸ਼ਨ ਦੇਣ ਤੇ ਬਚਨ-ਬਿਲਾਸ ਕਰਨ ਲਈ ਪ੍ਰੇਰਿਆ। ਪ੍ਰੰਤੂ ਗੁਰੂ ਰਾਮਦਾਸ ਜੀ ਮਹਾਰਾਜ ਤਾਂ ਇਸ ਸਮੇਂਗੁਰੂ ਚਰਨਾਂ ਦਾ ਧਿਆਨ ਧਰ ਕੇ, ਉਨ੍ਹਾਂ ਦਾ ਕੋਟਾਨ-ਕੋਟ ਧੰਨਵਾਦ ਕਰੀ ਜਾ ਰਹੇ ਸਨ। ਅੰਤ ਗੁਰੂ ਪਾਤਸ਼ਾਹ ਜੀ ਦਾ ਹੁਕਮ ਸੁਣ ਕੇ ਆਪ ਨੇ ਆਪਣੇ ਨੇਤਰ ਖੋਹਲੇ ਤੇ ਫਿਰ ਸੱਜਲ ਨੇਤਰਾਂ ਤੇ ਰੁੰਧੇ ਹੋਏ ਗਲੇ ਨਾਲ ਆਪ ਮਿੱਠਬੋਲੜੇ ਤੇ ਮਿਹਰਾਂ ਦੇ ਸਾਈਂ ਗੁਰੂ ਅਮਰਦਾਸ ਜੀ ਨੂੰ ਇਉਂ ਸੰਬੋਧਨ ਹੋਏ :

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ।
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ। ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ। (ਪੰਨਾ ੧੬੭)

(ਪੰਨਾ ੨ ਦਾ ਬਾਕੀ)

ਗਣ ਗੰਧਰਬ ਸਿਧ ਅਰੁ ਸਾਧਿਕ।। ਸੁਰਿ ਨਰ ਦੇਵ ਬ੍ਰਹਮ ਬ੍ਰਹਮਾਦਿਕ।।
ਚਤੁਰ ਬੇਦ ਉਚਰਤ ਦਿਨੁ ਰਾਤਿ।। ਅਗਮ ਅਗਮ ਠਾਕੁਰ ਆਗਾਧਿ।।
ਗੁਨ ਬੇਅੰਤ ਬੇਅੰਤ ਭਨੁ ਨਾਨਕ।। ਕਹਨੁ ਨ ਜਾਈ ਪਰੈ ਪਰਾਤਿ ।।(ਦੇਵ ਗੰਧਾਰੀ ਮ: ੫, ਪੰਨਾ ੫੩੫)
"ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖ-ਦਾਤੇ।।
ਅਗਮ ਅਗੋਚਰ ਪ੍ਰਭ ਅਬਿਨਾਸੀ, ਪੂਰੇ ਗੁਰ ਤੇ ਜਾਤੇ ।।੨।। (ਗਉੜੀ ਮ: ੫, ਪੰਨਾ ੨੦੭)
"ਹਰਿ ਕੇ ਸੰਤ ਸੁਣਹੁ ਜਨ ਭਾਈ, ਹਰਿ ਸਤਿਗੁਰ ਕੀ ਇਕ ਸਾਖੀ।।
ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ, ਤਿਨਿ ਜਨਿ ਲੈ ਹਿਰਦੈ ਰਾਖੀ।।
ਹਰਿ ਅੰਮ੍ਰਿਤ ਕਥਾ ਸਰੇਸਟ ਊਤਮ, ਗੁਰ-ਬਚਨੀ ਸਹਜੇ ਚਾਖੀ।।
ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ, ਜਿਉ ਸੂਰਜ ਰੈਣਿ ਕਿਰਾਖੀ।।
ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ ।।੧੨।।(ਸਿਰੀਰਾਗ ਕੀ ਵਾਰ, ਪੰਨਾ ੮੭)

ਜਿਸ ਕਿਸੇ ਨੂੰ ਇਸ ਅਦ੍ਰਿਸ਼ਟ ਦੇ ਦਿਸ਼ਟਾਰ ਦਿਸਣ-ਦੀਦਾਰ ਹੁੰਦੇ ਹਨ ਤਿਨ੍ਹਾਂ ਦਾ ਕਹਿਣਾ ਸਾਖ ਭਰਨਾ ਬਣਦਾ ਹੈ। ਦ੍ਰਿਸ਼ਟ-ਦਿਸੇ ਦੇਖੇ ਬਿਹੂਣ ਐਵੇਂ ਕਹਿਣਾ ਕਥਨਾ ਬਿਰਥਾ ਹੀ ਜਾਂਦਾ ਹੈ। ਗੁਰਮੁਖਾਂ ਨੂੰ ਅਦ੍ਰਿਸ਼ਟ ਦੇ ਸਹਿਜ ਸੁਭਾਇ ਹੀ ਦਿਸ਼ਟ-ਦੀਦਾਰ ਹੋ ਜਾਂਦੇ ਹਨ। ਤਿਨ੍ਹਾਂ ਦੀ ਸੇਵਾ ਸਿਮਰਨ ਸੁਰਤਿ ਏਕੋ ਦੀ ਲਿਵਤਾਰ ਵਿਚ ਜੁੜੀ ਰਹਿੰਦੀ ਹੈ। ਯਥਾ ਗੁਰਵਾਕ –

ਅਦਿਸਟੁ ਦਿਸੈ ਤਾ ਕਹਿਆ ਜਾਇ।। ਬਿਨੁ ਦੇਖੇ ਕਹਣਾ ਬਿਰਥਾ ਜਾਇ।।
ਗੁਰਮੁਖਿ ਦੀਸੈ ਸਹਜਿ ਸੁਭਾਇ।। ਸੇਵਾ ਸੁਰਤਿ ਏਕ ਲਿਵ ਲਾਇ ।।੨।।
(ਗਉੜੀ ਗੁਆਰੇਰੀ ਮ: ੧, ਪੰਨਾ ੨੨੨)

ਹੋਰ ਨਿਜ ਪ੍ਰਾਨ ਮਾਨ ਵਰਤੀ ਸਾਖਾ :-

ਹਰਿ ਹਰਿ ਨਾਮੁ ਮੇਰੈ ਪ੍ਰਾਨਿ ਵਸਾਏ, ਸਭੁ ਸੰਸਾ ਦੂਖੁ ਗਵਾਇਆ।।
ਅਦਿਸਟੁ ਅਗੋਚਰੁ ਗੁਰ ਬਚਨਿ ਧਿਆਇਆ, ਪਵਿਤ੍ਰ ਪਰਮ ਪਦੁ ਪਾਇਆ।। (ਆਸਾ ਮ: ੪, ਪੰਨਾ ੪)

ਪੇਖਨ-ਹਾਰਿਆਂ ਦੀ ਸਮ-ਦ੍ਰਿਸ਼ਟਤਾ –

ਸਭੁ ਕਰਤਾ ਸਭੁ ਭੁਗਤਾ।। ੧।। ਰਹਾਉ।। ਸੁਨਤੋ ਕਰਤਾ ਪੇਖਤ ਕਰਤਾ।।
ਅਦ੍ਰਿਸਟੋ ਕਰਤਾ ਦ੍ਰਿਸਟੋ ਕਰਤਾ।। ਓਪਤਿ ਕਰਤਾ ਪਰਲਉ ਕਰਤਾ।।
ਬਿਆਪਤ ਕਰਤਾ ਅਲਿਪਤੋ ਕਰਤਾ ।।੧।। ਬਕਤੋ ਕਰਤਾ ਬੂਝਤ ਕਰਤਾ।।
ਆਵਤੁ ਕਰਤਾ ਜਾਤੁ ਭੀ ਕਰਤਾ।। ਨਿਰਗੁਨ ਕਰਤਾ ਸਰਗੁਨ ਕਰਤਾ।।
ਗੁਰ ਪ੍ਰਸਾਦਿ ਨਾਨਕ ਸਮਦ੍ਰਿਸਟਾ ।।੨।। (ਪੁਸਤਕ 'ਅਣਡਿੱਠੀ ਦੁਨੀਆਂ' ਵਿਚੋਂ)


www.AKJ.Org

# ਗੁਰੂ ਮਾਨਿਓ ਗ੍ਰੰਥ

ਪ੍ਰੋ. ਜਸਵਿੰਦਰ ਸਿੰਘ ਲੁਧਿਆਣਾ

ਸਾਖਿਆਤ ਜਾ ਪ੍ਰਤੱਖ ਦਰਸ਼ਨ ਦੇ ਪ੍ਰਗਟਾਵ ਪੜ੍ਹ ਕੇ ਸੁਤੇ ਸਿਧ ਕਿਸੇ ਜਗਿਆਸੂ ਦੀ ਕਲਪਨਾ ਦੇ ਸਾਹਮਣੇ ਕੋਈ ਪ੍ਰਤੱਖ ਦੇਹਧਾਰੀ ਵਿਅਕਤੀ ਤੇ ਉਹਨਾਂ ਦੇ ਸਰੀਰਕ ਦਰਸ਼ਨ ਦਾ ਹੀ ਤਸੱਵਰ ਬਝਦਾ ਹੈ. ਬਾਵਜੂਦ ਇਸ ਹਾਲ ਦੇ ਕਿ ਸਾਡੇ ਸਾਹਮਣੇ ਗੁਰਬਾਣੀ ਦੇ ਗੁਰੂ ਹੋਣ ਦਾ ਆਦਰਸ਼ ਰਖਿਆ ਗਿਆ ਹੈ ਅਤੇ ਇਸੇ ਦਾ ਪ੍ਰਚਾਰ ਤੇ ਪਸਾਰ ਸਾਡੇ ਸਾਹਮਣੇ ਪੇਸ਼ ਕੀਤਾ ਜਾਂਦਾ ਰਿਹਾ ਏ ਤਾਂ ਵੀ ਅਕਸਰ ਕਰ ਕੇ ਸਾਡੇ ਦਰਸ਼ਨਾ ਦਾ ਵਿਚਾਰ ਸਤਿਗੁਰੂ ਦੇ ਸਰੀਰਾਂ ਤੀਕ ਹੀ ਸੀਮਤ ਰਹਿੰਦਾ ਹੈ। ਇਸ ਤੋਂ ਪਰੇ ਤੇ ਅਗੇਰੇ ਜਾ ਕੇ ਉਹਨਾਂ ਦੀ ਨਿਰੋਲ ਆਪਣੀ ਬਾਣੀ ਅਤੇ ਇਸ ਦੇ ਅੰਦਰ ਮੂਰਤੀਮਾਨ ਕੀਤੇ ਗਏ ਜੀਵਨ ਆਦਰਸ਼ ਦੇ ਰੂਪ ਵਿੱਚ ਉਹਨਾਂ ਦੇ ਦਰਸ਼ਨ ਕਰਨ ਦਾ ਖਿਆਲ ਤੇ ਇਸ ਦਾ ਅਮਲ ਘਟ ਹੀ ਦੇਖਣ ਵਿਚ ਆਉਂਦਾ ਹੈ। ਜਦੋਂ ਕੋਈ ਆਦਮੀ ਕਹਿੰਦਾ ਹੈ, ਕਿ ਉਸ ਨੂੰ ਸੁਪਨੇ ਵਿੱਚ ਜਾਂ ਕਿਸੇ ਮਹਾਂਪੁਰਖ ਜੀ ਦੇ ਪਰਤੱਖ ਦਰਸ਼ਨ ਹੋਏ ਤਾਂ ਉਸ ਦਾ ਮਤਲਬ ਸਰੀਰਕ ਦਰਸ਼ਨਾਂ ਦਾ ਹੀ ਹੁੰਦਾ ਹੈ। ਕਿਧਰੇ-ਕਿਧਰੇ ਕਲਾਕਾਰਾਂ ਦੇ ਚਿਤਰੇ ਅਤੇ ਉਲੀਕੇ ਕੁਝ ਮਨੋਰਥ ਤੇ ਪ੍ਰਭਾਵਸ਼ਾਲੀ ਚਿਤਰਾਂ ਦੇ ਵੀ ਦਰਸ਼ਨ ਹੁੰਦੇ ਹਨ। ਇਤਿਹਾਸ ਦੀਆਂ ਕਈ ਇਕ ਸਾਖੀਆਂ ਰਾਹੀਂ ਵੀ ਸਤਿਗੁਰਾਂ ਦੇ ਦਰਸ਼ਨ ਕੀਤੇ ਕਰਾਏ ਜਾਣ ਦੇ ਜਤਨ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਦੀ ਆਪਣੀ ਕੀਮਤ ਤੇ ਉਪਯੋਗਤਾ ਹੁੰਦੀ ਹੈ. ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ. ਪਰ ਜੋ ਸਹੀ ਤੇ ਅਰਸ਼ੀ ਆਦਰਸ਼ ਚਿਤਰ ਸਤਿਗੁਰਾਂ ਦੀ ਆਤਮਾ ਤੇ ਸ਼ਖਸ਼ੀਅਤ ਦਾ ਉਨ੍ਹਾਂ ਦੀ ਆਪਣੀ ਬਾਣੀ ਦੇ ਕੁਝ ਚੋਣਵੇਂ ਤੇ ਵਿਸ਼ੇਸ਼ ਸ਼ਬਦਾਂ ਤੇ ਬਚਨਾਂ ਰਾਹੀਂ ਸੁਰਤ ਉਤੇ ਬਝਦਾ ਹੈ, ਉਸ ਨਾਲ ਕੋਈ ਹੋਰ ਚਿਤਰ ਮੁਕਾਬਲਾ ਨਹੀਂ ਕਰ ਸਕਦਾ।

ਇਸ ਅਸਲੀਅਤ ਨੂੰ ਵਧੇਰੇ ਸਪਸ਼ਟ ਤੇ ਦ੍ਰਿਸ਼ਟੀ-ਗੋਚਰ ਕਰਨ ਲਈ ਅਸੀਂ ਇੰਗਲੈਂਡ ਦੇ ਉਨੀਵੀਂ ਸਦੀ ਦੇ ਇਕ ਸੰਤ ਤਬੀਅਤ ਵਿਦਵਾਨ ਜਾਹਨਰਸਕਿਲ ਦਾ ਵਿਚਾਰ ਪੇਸ਼ ਕਰਦੇ ਹਾਂ :–

ਉਸ ਦੀ ਇਕ ਖਾਸ ਪੁਸਤਕ ਦਾ ਨਾਮ ਹੈ "The Sesame - ulies" ਇਸ ਵਿਚ ਉਸ ਦੇ ਤਿੰਨ ਲੈਕਚਰ, ਲੇਖ ਰੂਪ ਵਿਚ ਪ੍ਰਕਾਸ਼ਤ ਕੀਤੇ ਗਏ ਹਨ, ਜਿੰਨ੍ਹਾਂ ਨੂੰ ਅਸੀਂ ਪੰਜਾਬੀ ਵਿਚ ਐਉਂ ਪ੍ਰਗਟ ਕਰ ਸਕਦੇ ਹਾਂ - (੧) ਬਾਦਸ਼ਾਹਾਂ ਦੇ ਖਜ਼ਾਨੇ, (੨) ਰਾਣੀ ਦੇ ਬਾਗ-ਬਗੀਚੇ ਅਤੇ (੩) ਜੀਵਨ ਦਾ ਰਹੱਸ ਜਾਂ ਫਿਕੀ ਡੂੰਘੀ ਰਮਜ਼। ਜਿਸ ਖਿਆਲ ਦਾ ਅਸੀਂ ਉਲੇਖ ਕਰ ਰਹੇ ਹਾਂ, ਉਸ ਨਾਲ ਉਸ ਦੇ ਪਹਿਲੇ ਲੈਕਚਰ ਤੇ ਲੇਖ ਦਾ ਗੂੜ੍ਹਾ ਸੰਬੰਧ ਹੈ। ਅਸੀ ਇਸ ਦਾ ਭਾਵ ਆਪਣੇ ਸ਼ਬਦਾਂ ਵਿਚ, ਅਗੇ ਲਿਖੇ ਅਨੁਸਾਰ, ਕਲਮ ਬੰਦ ਕਰਨ ਦਾ ਜਤਨ ਕਰਦੇ ਹਾਂ।

ਆਸ਼ਾ ਹੈ ਡੂੰਘੀ ਦਿਲਚਸਪੀ ਨਾਲ ਪੜ੍ਹਿਆ ਅਤੇ ਇਸ ਤੋਂ ਜਾਣਕਾਰੀ ਅਤੇ ਪ੍ਰੇਰਨਾ, ਲਾਭ ਲਿਆ ਜਾਏਗਾ।

ਆਪਣਾ ਲੈਕਚਰ ਸ਼ੁਰੂ ਕਰਦਿਆ ਸਾਰ, ਉਹ ਆਪਣੇ ਸਰੋਤਿਆ ਨੂੰ ਸੰਬੋਧਨ ਕਰਦਾ ਹੋਇਆ ਇਹ ਭਾਵ ਤੇ ਅਸਲੀਅਤ ਪਰਗਟ ਕਰਦਾ ਹੈ ਕਿ 'ਬਾਦਸ਼ਾਹਾਂ ਦੇ ਖਜ਼ਾਨੇ' ਨਾਮ ਦੇ ਉਸ ਦੇ ਵਿਸ਼ੇਸ਼ ਲੈਕਚਰ ਦਾ ਭਾਵ ਇਤਿਹਾਸ ਵਿਚ ਹੋ ਬੀਤੇ ਖਾਸ ਬਾਦਸ਼ਾਹਾਂ ਤੇ ਉਨ੍ਹਾਂ ਦੇ ਰੁਪਏ ਪੈਸੇ ਦੇ ਖਜ਼ਾਨਿਆ ਤੋਂ ਨਹੀਂ ਸਗੋਂ ਬਾਦਸ਼ਾਹਾਂ ਤੋਂ ਉਸ ਦਾ ਮਤਲਬ ਕੁਝ ਚੋਟੀ ਦੇ ਹੋ ਬੀਤੇ ਲਿਖਾਰੀ ਤੇ ਰਚਨਾਵਾਂ ਹਨ ਜੇਹੜੀਆਂ ਕਿ ਉਨ੍ਹਾਂ ਨੇ ਆਪਣੇ ਜੀਵਨ-ਕਾਲ ਵਿਚ ਅੰਕਿਤ ਕੀਤੀਆਂ, ਤੇ ਉਨ੍ਹਾਂ ਅੰਦਰ ਆਪਣੀ ਜੀਵਨ ਭਰ ਦੀ ਸਿਆਣਪ ਅਨੁਭਵ ਨੂੰ ਅਮਰ-ਰੂਪ ਵਿਚ ਦਰਜ ਕਰ ਦਿਤਾ। ਇਨ੍ਹਾਂ ਅਜੇਹੇ ਸਾਰੇ ਬਾਦਸ਼ਾਹਾਂ ਤੇ ਉਨ੍ਹਾਂ ਦੇ ਇਨ੍ਹਾਂ ਖਜ਼ਾਨਿਆਂ ਵਲ ਤੁਸੀਂ ਲੋਕ ਬੇਪਰਵਾਹੀ ਕਰਦੇ ਤੇ ਜੀਵਨ ਭਰ ਕੁਝ ਦੇਹਧਾਰੀ ਮਹਾਨ ਵਿਅਕਤੀਆਂ ਦੀ ਢੂੰਡ ਤੇ ਉਨ੍ਹਾਂ ਨਾਲ ਮੇਲ ਮਿਲਾਪ ਕਰਨ ਲਈ ਮਿੱਟੀ ਛਾਣਦੇ ਫਿਰਦੇ ਹੋ। ਆਖਰ ਨੂੰ ਇਸ ਦਾ ਕਾਰਨ? ਤੁਸੀਂ ਕਹੋਗੇ ਕਿ ਜੀਉਂਦੇ ਦੇਹਧਾਰੀ ਵਿਅਕਤੀਆਂ ਦੇ ਆਹਮੋ ਸਾਹਮਣੇ ਬੈਠ ਕੇ ਉਨ੍ਹਾਂ ਦੇ ਵਿਚਾਰ ਸੁਣਨ ਨਾਲ ਤੁਹਾਨੂੰ ਵਧੀਕ ਸੁਖ ਤੇ ਲਾਭ ਪ੍ਰਾਪਤ ਹੁੰਦਾ ਹੈ।



www.AKJ.Org

ਪਰ ਮੈਂ ਪ੍ਰਸ਼ਨ ਕਰਦਾ ਹਾਂ, ਕਿ ਮੰਨ ਲਵੋ ਕਿ ਦੁਨੀਆ ਭਰ ਦੇ ਚੋਟੀ ਦੇ ਕੁਝ ਵਿਚਾਰਵਾਨ ਤੇ ਸਿਆਣੇ, ਕਿਸੇ ਸ਼ਹਿਰ ਦੇ ਕਿਸੇ ਕਮਰੇ ਅੰਦਰ ਬੈਠੇ ਪ੍ਰਸਪਰ ਵਿਚਾਰ-ਵਟਾਂਦਰਾ ਕਰ ਰਹੇ ਹਨ। ਤੁਸੀਂ ਸਬੱਬ ਨਾਲ ਇਸ ਕਮਰੇ ਤੀਕ ਅਪੜ ਜਾਂਦੇ ਹੋ। ਹੁਣ ਕਮਰੇ ਦੇ ਅੰਦਰ ਜਾਣ ਦੀ ਆਗਿਆ ਨਹੀਂ। ਦਰਵਾਜ਼ੇ ਦੇ ਬਾਹਰ ਪੜਦਾ ਤਾਣਿਆ ਗਿਆ ਹੈ, ਜਿਸ ਕਰਕੇ ਉਨ੍ਹਾਂ ਦੇ ਚੇਹਰਿਆਂ ਦੇ ਦਰਸ਼ਨ ਨਹੀਂ ਹੋ ਸਕਦੇ, ਪਰ ਉਨ੍ਹਾਂ ਦੇ ਬਚਨ ਤੇ ਇਕ ਇਕ ਲਫ਼ਜ਼ ਸਪੱਸ਼ਟ ਸੁਣਾਈ ਦੇ ਰਹਿਆ ਹੈ। ਤੁਸੀਂ ਬਾਹਰਵਾਰ ਪੜ੍ਹਦੇ ਦੇ ਪਾਸ ਬੈਠ ਕੇ, ਉਨ੍ਹਾਂ ਦੇ ਵਿਚਾਰ ਸੁਣ ਕੇ ਲਾਭ ਉਠਾ ਸਕਦੇ ਹੋ। ਹੁਣ ਤੁਸੀਂ ਦਸੋ ਕਿ ਕੀ ਤੁਸੀਂ ਚੁਪ-ਚਾਪ ਉਥੇ ਬੈਠ ਕਿ ਉਨ੍ਹਾਂ ਦੇ ਵਿਚਾਰ ਸੁਣਨੇ ਤੇ ਇਨ੍ਹਾਂ ਤੋਂ ਵਰੋਸਾਏ ਜਾਣਾ ਪਸੰਦ ਕਰੋਗੇ ਕਿ ਇਹ ਆਖ ਕੇ ਓਥੋਂ ਵਿਦਾ ਹੋ ਆਵੋਗੇ ਕਿ ਤੁਸੀਂ ਉਨ੍ਹਾਂ ਦੇ ਚੇਹਰੇ ਦੇਖਣ ਤੋਂ ਬਿਨਾਂ ਉਨ੍ਹਾਂ ਦੇ ਵਿਚਾਰ ਸੁਣਨ ਲਈ ਤਿਆਰ ਨਹੀਂ। ਮੇਰੀ ਜਾਚੇ ਤੁਹਾਡੇ ਵਿਚੋਂ ਕੋਈ ਵੀ ਇਕ ਇਹੋ ਜੇਹੀ ਬਜਰ ਗਲਤੀ ਕਰਨੀ ਪਸੰਦ ਨਹੀਂ ਕਰੇਗਾ, ਸਗੋਂ ਚੁਪ-ਚਾਪ ਪੜ੍ਹਦੇ ਦੇ ਪਿਛੇ ਬੈਠੇ ਮਹਾਨ-ਵਿਅਕਤੀਆਂ ਦੇ ਅਮੋਲਕ ਵਿਚਾਰ ਸੁਣਨੇ ਸ਼ੁਰੂ ਕਰ ਦੇਵੇਗਾ। ਜੇਕਰ ਇਹ ਗਲ ਏਵੇਂ ਅਤੇ ਠੀਕ ਹੈ ਤਾਂ ਫਿਰ ਇਸੇ ਮਿਸਾਲ ਨੂੰ ਇਸੇ ਇਕ ਕੀਮਤੀ ਪੁਸਤਕ ਦੇ ਪੜ੍ਹਨ ਨਾਲ, ਘਟਾਣ ਦੀ ਖੇਚਲ ਕਰੋ, ਤਾਂ ਇਹ ਚੀਜ਼ ਸਗਵੇ ਤੌਰ ਤੇ ਦਿਤੀ ਉਦਾਹਰਣ ਨਾਲ ਇਨ-ਬਿਨ ਠੀਕ ਬੈਠਦੀ ਸਿਧ ਹੁੰਦੀ ਹੈ। ਪੁਸਤਕ ਦੇ ਰੂਪ ਵਿਚ ਸਗੋਂ ਵਾਧਾ ਇਸ ਗਲ ਦਾ ਦੇਖਣ ਨੂੰ ਮਿਲਦਾ ਹੈ ਕਿ ਜਦੋਂ ਜੀਉਂਦੇ ਦੇਹਧਾਰੀ ਵਿਅਕਤੀ ਤਾਂ ਘੰਟੇ ਅੱਧੇ ਮਗਰੋਂ ਬਚਨ ਬਿਲਾਸ ਕਰਕੇ ਵਿਦਾ ਹੋ ਜਾਂਦੇ ਹਨ, ਉਥੇ ਪੁਸਤਕ ਦੇ ਰੂਪ ਵਿੱਚ ਉਹ ਘੰਟਿਆਂ ਬੱਧੀ ਆਪਣੇ ਵਿਚਾਰ ਪ੍ਰਗਟਾਵ ਕਰਕੇ ਜਾਰੀ ਰਖਦੇ ਹਨ। ਅੱਡਰੇ ਤੌਰ ਤੇ ਜੇਕਰ ਤੁਸੀ ਉਨ੍ਹਾਂ ਪਾਸੋਂ ਮੁਲਾਕਾਤ ਕਰਨ ਤੇ ਉਨ੍ਹਾਂ ਦੇ ਖਿਆਲ ਸੁਣਨ ਦੀ ਇਛਾ ਪ੍ਰਗਟ ਕਰੋ ਤਾਂ ਉਹ ਕਦੀ ਇਨਕਾਰ ਨਹੀਂ ਕਰਦੇ। ਤੁਸੀ ਉਨ੍ਹਾ ਪਾਸੋਂ ਉਠਕੇ ਤੁਰ ਜਾਓ, ਤਾਂ ਤੁਰ ਜਾਓ, ਪਰ ਉਹ ਕਦੀ ਸਮੇਂ ਦੀ ਭਾਰੀ ਤੰਗੀ ਜਾਂ ਥਕਾਵਟ ਆਦਿ ਦੀ ਕੋਈ ਉਜਰ ਪੇਸ਼ ਨਹੀਂ ਕਰਦੇ। ਇਸ ਤੋਂ ਇਲਾਵਾ ਜੋ ਕੀਮਤ ਤੇ ਸਾਰਥਕਤਾ ਲਿਖੇ ਸ਼ਬਦਾਂ ਦੀ ਹੁੰਦੀ ਹੈ, ਉਹ ਜ਼ਬਾਨੀ ਕਹੇ ਸ਼ਬਦਾਂ ਦੀ ਨਹੀਂ ਹੁੰਦੀ। ਜ਼ਬਾਨੀ ਤੌਰ ਉਤੇ ਤਾਂ ਕੋਈ ਆਦਮੀ ਜਦੋਂ ਸਹਿਜ ਸੁਭਾਅ ਗਲ-ਬਾਤ ਕਰੀ ਜਾਂਦਾ ਹੈ, ਨਾ ਤਾਂ ਉਹ ਬਹੁਤੀ ਸੋਚ ਵਿਚਾਰ ਕਰ ਸਕਦਾ, ਤੇ ਨਾ ਆਪਣੇ ਲਫ਼ਜਾਂ ਦੀ ਚੋਣ ਬਾਰੇ ਕੋਈ ਬਹੁਤੀ ਸਾਵਧਾਨੀ ਵਰਤਦਾ ਹੈ, ਜਦੋਂ ਕਿ ਲਿਖਤੀ ਰੂਪ ਵਿੱਚ ਆਪਣੇ ਵਿਚਾਰਾਂ ਨੂੰ ਪਰਗਟ ਕਰਨ ਤੇ ਸ਼ਬਦਾਂ ਦੀ ਚੋਣ ਕਰਨ ਵਿਚ ਉਸ ਨੂੰ ਖਾਸ ਤੇ ਗੈਰ ਮਾਮੂਲੀ ਸਿਆਣਪ ਤੇ ਸਾਵਧਾਨੀ ਤੋਂ ਕੰਮ ਲੈਣਾ ਪੈਂਦਾ ਹੈ। ਇਸ ਨਾਲ ਜ਼ਬਾਨੀ ਕੀਤੀ ਕੋਈ ਗਲ-ਬਾਤ ਕੋਈ ਮੁਕਾਬਲਾ ਹੀ ਨਹੀਂ ਕਰ ਸਕਦੀ। ਪਰ ਅਸੀਂ ਹਾਂ ਕਿ ਜੀਵਨ ਭਰ ਦੇਹਧਾਰੀ ਵਿਅਕਤੀਆਂ ਨਾਲ ਮੁਲਾਕਾਤ ਕਰਨ ਤੇ ਉਨ੍ਹਾਂ ਦੀ ਗਲਬਾਤ ਸੁਣਨ ਲਈ ਹੀ ਸਮਾਂ ਤੇ ਸ਼ਕਤੀ ਵਾਧੂ ਜਾਇਆ ਤੇ ਮਿਟੀ ਛਾਣਦੇ ਫਿਰਦੇ ਹਾਂ। ਸਹੀ ਸਿਆਣਪ ਤੇ ਉਪਯੋਗਤਾ ਦੇ ਵਿਚਾਰ ਨੂੰ ਵਰਤੋਂ ਵਿਚ ਲਿਆਉਣ ਦੀ ਖੇਚਲ ਨਹੀਂ ਕਰਦੇ।

ਸਾਡਾ ਇਹ ਵਤੀਰਾ ਕਿੰਨਾ, ਤੁਛ ਤੇ ਵਿਚਾਰਹੀਨ ਰਹਿੰਦਾ ਹੈ, ਇਹ ਗਲ ਬਹੁਤਾ ਕੁਝ ਕਹਿਣ ਦੀ ਮੁਹਤਾਜ ਨਹੀਂ, ਸੁਤੇ-ਸਿਧ ਸਪੱਸ਼ਟ ਹੈ।

ਆਪਣੇ ਬਜ਼ੁਰਗਾਂ ਦੇ ਵਿਰਾਸਤ ਵਿਚ ਮਿਲੇ ਖਜ਼ਾਨਿਆ ਅਤੇ ਇਨ੍ਹਾਂ ਅੰਦਰ ਭਰੇ ਪਏ ਬੇਅੰਤ ਤੇ ਅਮੋਲਕ ਹੀਰਿਆਂ ਮੋਤੀਆਂ ਦਾ ਜ਼ਿਕਰ ਗੁਰੂ ਅਰਜਨ ਦੇਵ ਜੀ ਤੇ ਜਿਵੇਂ ਆਪਣੇ ਇਕ ਸ਼ਬਦ ਅੰਦਰ ਪ੍ਰਤੀਤ ਕੀਤਾ ਹੈ, ਉਹ ਇਸ ਤਰ੍ਹਾਂ ਹੈ :–

ਗਉੜੀ ਗੁਆਰੇਰੀ ਮਹਲਾ ੫॥

ਹਮ ਧਨਵੰਤ ਭਾਗਠ ਸਚ ਨਾਇ॥ ਹਰਿ ਗੁਣ ਗਾਵਹ ਸਹਜਿ ਸੁਭਾਇ॥ ੧॥ ਰਹਾਉ॥
ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾਂ ਮੇਰੈ ਮਨਿ ਭਇਆ ਨਿਧਾਨਾ॥੧॥


www.AKJ.Org

ਰਤਨ ਲਾਲ ਜਾ ਕਾ ਕਛੂ ਨ ਮੋਲੁ॥ ਭਰੇ ਭੰਡਾਰ ਅਖੂਟ ਅਤੋਲ॥੨॥
ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥੩॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥ ਸੁ ਏਤੁ ਖਜਾਨੈ ਲਇਆ ਰਲਾਇ
॥੪॥੩੧॥੧੦੦॥ (ਪੰਨਾ ੧੮੫)

ਗੁਰੂ ਅਰਜਨ ਦੇਵ ਜੀ ਨੇ ਜਦੋਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ, ਉਸ ਵਕਤ ਇਕ ...... ਦੇ ਉਤਰ ਵਿਚ ਉਹਨਾਂ ਨੇ ਆਖਿਆ ਸੀ, ਅਕਾਲ ਪੁਰਖ ਦੀ ਬਖ਼ਸ਼ਿਸ਼ ਨਾਲ ਇਹ ਮਾਨੋ ਆਤਮਕ ਖੁਰਾਕ ਦਾ ਥਾਲ ਪਰੋਸਿਆ ਗਿਆ ਹੈ ਅਤੇ ਇਸ ਅਮੋਲਕ ਥਾਲ ਵਿੱਚ ਆਤਮਕ ਭੁੱਖ ਨੂੰ ਦੂਰ ਕਰਨ ਵਾਸਤੇ ਅਤੇ ਮਨੁਖਤਾ ਨੂੰ ਆਤਮਕ ਪਖੋਂ ਰਿਸ਼ਟ-ਪੁਸ਼ਟ ਕਰਨ ਵਾਸਤੇ, ਇਸ ਵਿੱਚ (ਗੁਰੂ ਗ੍ਰੰਥ ਸਾਹਿਬ ਵਿੱਚ) ਸਤ, ਸੰਤੋਖ, ਵੀਚਾਰ, ਅੰਮ੍ਰਿਤ ਨਾਮ ਪਰੋਸਿਆ ਹੈ ਪਰ ਨਾਲ ਹੀ ਨਸੀਹਤ ਕੀਤੀ, ਜਿਹੜਾ ਮਨੁੱਖ ਇਸ ਆਤਮਕ ਖੁਰਾਕ ਨੂੰ ਖਾ ਕੇ ਪਚਾਏਗਾ, ਉਸਦਾ ਉਧਾਰ ਹੋਵੇਗਾ ਅਤੇ ਇਕ ਅਮੋਲਕ ਵਸਤੂ ਤਿਆਗਣ ਵਾਲੀ ਨਹੀਂ, ਸਗੋਂ ਇਸ ਨੂੰ ਹਮੇਸ਼ਾਂ ਹਿਰਦੈ ਵਿਚ ਧਾਰਨ ਕਰੋ, ਫੁਰਮਾਨ ਹੈ :-

ਮੁੰਦਾਵਣੀ ਮਹਲਾ ੫

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ, ਜਿਸਕਾ ਸਭਸੁ ਅਧਾਰੋ॥
ਜੇ ਕੋ ਖਾਵੈ, ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥ (ਪੰਨਾ ੧੪੨੯)

ਭਾਈ ਗੁਰਦਾਸ ਜੀ ਗੁਰਬਾਣੀ ਬਾਰੇ ਅਪਣੀ ਸ਼ਰਧਾ ਦਾ ਪ੍ਰਗਟਾਵ ਇਸ ਪ੍ਰਕਾਰ ਕਰਦੇ ਹਨ :

ਜੈਸੇ ਹੀਰਾ ਹਾਥ ਮੈਂ ਤਨਕ ਸੋ ਦਿਖਾਈ ਦੇਤਿ, ਮੋਲਿ ਕੀਏ ਤੇ ਦਮਕਨ ਭਰਤ ਭੰਡਾਰ ਜੀ॥
ਜੈਸੇ ਬਰ ਬਾਂਧੇ ਹੁੰਡੀ ਲਾਗਤ ਨ ਭਾਰ ਕਛੂ, ਆਗੈ ਜਾਇ ਪਾਈਅਤ ਲਛਮੀ ਅਪਾਰ ਜੀ॥
ਜੈਸੇ ਬਟ ਬੀਜ ਅਤਿ ਸੂਖਮ ਸਰੂਪ ਹੋਤ, ਬੋਏ ਸੈ ਬਿਬਿਧ ਕਰੈ ਬਿਰਖ ਬਿਸਥਾਰ ਜੀ॥
ਤੈਸੇ ਗੁਰ ਬਚਨ ਸਚਨ ਗੁਰ ਸਿਖਨ ਮੈਂ, ਜਾਨੀਐ ਮਹਾਤਮ ਰਾਏ ਹੀ ਹਰਿ-ਦੁਆਰ ਜੀ॥
(ਕਬਿੱਤ ੩੭੩)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਗੋਇਆ ਨੰਦ ਲਾਲ ਜੀ ਨਾਲ ਪ੍ਰਸ਼ਨੋਤਰੀ ਵਿਚ ਹੇਠ ਲਿਖੇ ਬਚਨ ਇਸ ਵਿਸ਼ੇ ਨਾਲ ਬੜਾ ਗੂੜਾ ਸੰਬੰਧ ਰਖਦੇ ਹਨ :-

ਤੀਨ ਰੂਪ ਹੈ ਮੋਹਿ ਕੇ ਸੁਨਹੁ ਨੰਦ ਚਿਤ ਲਾਇ।
ਨਿਰਗੁਣ, ਸਰਗੁਣ, ਗੁਰ ਸ਼ਬਦ ਕਹੂੰ ਤੋਹਿ ਸਮਝਾਏ।

ਹੇ ਨੰਦ ਲਾਲ ਮੇਰੇ ਤਿੰਨ ਰੂਪ ਹਨ – ਨਿਰਗੁਣ, ਸਰਗੁਣ ਅਤੇ ਗੁਰ-ਸ਼ਬਦ।

ਗੁਰ ਸ਼ਬਦ- ਤੀਸਰ ਰੂਪ ਗ੍ਰੰਥ ਜੀ ਜਾਨੋ। ਯਾ ਮਹਿ ਭੇਦ ਨ ਰੰਚ ਪਛਾਨੋ।
ਜੋ ਮਮ ਸਾਥ ਚਾਹੈ ਕਰ ਬਾਤਾਂ। ਗ੍ਰੰਥ ਜੀ ਪਢੈ ਵੀਚਾਰੇ ਸਾਥਾ ॥

ਅਤੇ :- ਸ਼ਬਦ ਸੁਨੈ ਗੁਰ ਹਿਤ ਲਾਇ। ਗਯਾਨ ਸ਼ਬਦ ਗੁਰੁ ਸੁਨੈ ਸੁਨਾਇ।
ਵਿਸ੍ਵਾਸ ਪ੍ਰੀਤਿ ਗੁਰ ਸ਼ਬਦ ਜੁ ਧਰੇ। ਗੁਰ ਕਾ ਦਰਸ਼ਨ ਨਿਤ ਉਠਿ ਕਰੇ।

ਅੰਤ ਵਿਚ ਭਾਈ ਗੁਰਦਾਸ ਜੀ ਦਾ ਹੋਕਾ ਗੁਰਬਾਣੀ ਪ੍ਰਤੀ :-

ਗੁਰਮੁਖ ਮਿਲ ਪਰਵਾਣ ਪੰਚ, ਸਾਧੁ ਸੰਗਤਿ ਸਚਖੰਡ ਬਿਲਾਸੀ॥
ਗੁਰਦਰਸ਼ਨ ਗੁਰ ਸ਼ਬਦ ਹੈ, ਨਿਜ ਘਰਿ ਭਾਇ ਭਗਤਿ ਰਹਿਰਾਸੀ ॥(ਵਾਰ ੩੭ ਪਉੜੀ ੧੭)



www.AKJ.Org

# ਧਰਮ ਦਰਸ਼ਨ ਦਾ ਸਦੀਵੀ ਸੱਚ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

(ਪ੍ਰੋ: ਗੁਰਵਿੰਦਰ ਸਿੰਘ ਲੱਖਾ)

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਦੇ ਧਾਰਮਿਕ ਤੇ ਅਧਿਆਤਮਕ ਸਾਹਿਤ ਦਾ ਅਜਿਹਾ ਵਿਸ਼ਵ ਕੋਸ਼ ਹੈ, ਜਿਸ ਵਿਚ ਆਤਮਿਕ ਗਿਆਨ, ਬ੍ਰਹਮ ਵਿਚਾਰ ਅਤੇ ਪ੍ਰੇਮ ਭਗਤੀ ਦੀ ਸਾਂਝੀ ਧੁਨ ਮਾਨਵੀ ਜੀਵਨ ਦੇ ਕਲਿਆਣਕਾਰੀ ਸੱਚ ਦਾ ਸੰਦੇਸ਼ ਦਿੰਦੀ ਹੈ। ਸੰਪੂਰਨ ਮਨੁੱਖੀ ਭਾਈਚਾਰੇ ਲਈ ਚਾਨਣ-ਮੁਨਾਰਾ ਬਣ ਕੇ, ਵਲਗਣਾਂ ਵਖਰੇਵਿਆਂ ਅਤੇ ਵਿਤਕਰਿਆ ਤੋਂ ਨਿਜਾਤ ਦੁਆ ਕੇ ਗੁਰੂ ਗ੍ਰੰਥ ਸਾਹਿਬ ਸਦਾਚਾਰਕਤਾ ਦੇ ਸੁਮਾਰਗ ਰਾਹੀਂ ਅਧਿਆਤਮਕਤਾ ਦੀ ਮੰਜ਼ਿਲ 'ਤੇ ਪਹੁੰਚਾਉਂਦਾ ਹੈ। ਇਹ ਧਰਮ ਗ੍ਰੰਥ ਭਾਰਤੀ ਸੰਸਕ੍ਰਿਤੀ ਦੇ ਪੰਜ ਸੌ ਵਰਿਆਂ ਦਾ ਅਜਿਹਾ ਦਰਪਣ ਹੈ, ਜਿਸ ਵਿਚੋਂ ਮੱਧਕਾਲੀਨ ਸਮਾਜ ਦੀ ਇਤਿਹਾਸਕ, ਸਭਿਆਚਾਰਕ ਅਤੇ ਧਾਰਮਿਕ ਰੂਪ-ਰੇਖਾ ਪ੍ਰਤਿਬਿੰਬਤ ਹੁੰਦੀ ਹੈ। ਭਾਰੀ ਸਾਹਿਤ ਦੇ ਪਰਿਪੇਖ ਵਿਚ ਗੁਰੂ ਗ੍ਰੰਥ ਸਾਹਿਬ ਅਜਿਹੀ ਅਦੁੱਤੀ ਤੇ ਅਮਰ ਰਚਨਾ ਹੈ, ਜਿਸ ਵਿਚ ਸਤਿ, ਚਿਤੁ, ਆਨੰਦ' ਅਤੇ 'ਸਤਿਅਮ, ਸ਼ਿਵਮ, ਸੁੰਦਰਮ' ਦਾ ਮਹਾਨ ਸੰਕਲਪ ਦ੍ਰਿਸ਼ਟੀਗੋਚਰ ਹੁੰਦਾ ਹੈ।

ਮੱਧ ਯੁੱਗ ਦੇ ਸਾਹਿਬ ਅਤੇ ਧਰਮ ਖੇਤਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਪ੍ਰਕਿਰਿਆ ਜੁਗਾਂਤਰੀ ਘਟਨਾ ਹੈ। ਜਿਥੇ ਇਸ ਨਾਲ ਸਾਹਿਤ ਜਗਤ ਵਿਚ ਸੰਪਾਦਨ ਕਲਾ ਦਾ ਆਰੰਭ ਹੁੰਦਾ ਹੈ, ਉਥੇ ਧਰਮ ਸਾਧਨਾ ਦੇ ਵਿਸ਼ਾਲ ਖਜ਼ਾਨੇ ਨੂੰ ਕਿਸੇ ਕਿਸਮ ਦੇ ਰੁਲੇਵੇਂ ਤੋਂ ਸਦੀਵੀ ਤੌਰ ਤੇ ਸੁਰੱਖਿਅਤ ਕਰਕੇ ਭਵਿੱਖ ਲਈ ਪੁਰਾਤਨ ਸਮੱਗਰੀ ਨੂੰ ਹੂ-ਬ-ਹੂ ਬਰਕਰਾਰ ਰੱਖਣ ਦੀ ਪ੍ਰੰਪਰਾਂ ਨਾਲੋਂ ਨਿਵੇਕਲੀ ਮਿਸਾਲ ਕਾਇਮ ਕਰਦੇ ਹੋਏ ਧਰਮ-ਬਾਨੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਰੀਬ ੧੫ ਸਾਲਾਂ ਦੀ ਘਾਲਣਾ ਕਰਕੇ ਬਾਣੀ ਦੀ ਇਕੱਤਰਤਾ ਤੇ ਸੰਕਲਨ ਦਾ ਕਾਰਜ ਸੰਪੂਰਨ ਕਰਵਾਇਆ। ਉਪਰੰਤ ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਤੋਂ ਇਕ ਸਾਲ ਨੌਂ ਮਹੀਨੇ ਵਿਚ ਸਮੁੱਚੀ ਬਾਣੀ ਲਿਖਵਾ ਕੇ ਭਾਦੋਂ ਸੁਦੀ ਇਕ ੧੬੦੪ ਈਸਵੀ ਨੂੰ 'ਆਦਿ ਗ੍ਰੰਥ ਸਾਹਿਬ' ਦਾ ਪਹਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕਰਵਾਇਆ। ਮਗਰੋਂ ਖਾਲਸਾ ਪੰਥ ਦੇ ਬਾਨੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਿਲ ਕਰਦੇ ਹੋਏ ੧੬੮੫ ਈ: ਨੂੰ ਭਾਈ ਮਨੀ ਸਿੰਘ ਪਾਸੋਂ ਆਦਿ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ ਅਤੇ ਆਪਣੇ ਜੋਤੀ-ਜੋਤਿ ਸਮਾਉਣ ਵੇਲੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ੭ ਅਕਤੂਬਰ, ੧੭੦੮ ਈਸਵੀ (ਕਈ ਇਤਿਹਾਸਕਾਰ ਇਹ ਤਰੀਕ ੮ ਅਕਤੂਬਰ ਮੰਨਦੇ ਹਨ) ਨੂੰ ਇਸ ਬੀੜ ਨੂੰ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰਬੋਤਮ ਦਰਜਾ ਦਿੱਤਾ।

ਆਦਿ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਅਤੇ ਉਪਦੇਸ਼ ਸਰਬ-ਕਾਲੀ, ਸਰਬ-ਵਿਆਪਕ ਅਤੇ ਸਰਬ-ਸਾਂਝਾ ਹੈ। ਇਸ ਵਿਚਲੀ ਵਿਚਾਰਧਾਰਾ ਸੰਪਰਦਾਇ ਵਿਸ਼ੇਸ਼ ਨਾ ਹੋ ਕੇ ਸਮੂਹ ਮਾਨਵ-ਸੰਸਕ੍ਰਿਤੀ ਦਾ ਅਧਿਆਤਮਕ ਚਿੰਤਨ ਹੈ। ਸਮੁੱਚੇ ਵਿਸ਼ਵ ਲਈ ਭਾਵਨਾਤਮਕ ਏਕਤਾ ਦਾ ਸੁਨੇਹਾ ਦਿੰਦਾ ਇਹ ਪਹਿਲਾ ਧਰਮ-ਗ੍ਰੰਥ ਹੈ, ਜਿਸ ਵਿਚ ੧੨ਵੀਂ ਤੋਂ ੧੭ਵੀਂ ਸਦੀ ਤੱਕ ਦੇ ੩੬ ਮਹਾਂਪੁਰਖਾਂ ਦੇ ਤੱਤ ਗਿਆਨ ਦਾ ਨਿਚੋੜ ਦੇਸ਼ ਤੇ ਕਾਲ ਦੀਆਂ ਬੰਦਿਸ਼ਾਂ ਨੂੰ ਖਤਮ ਕਰਦਾ ਹੈ। ਇਸ ਵਿਚ ਹਰ ਕਵੀ ਦਾ ਅੰਦਾਜ਼ ਨਿਰਸੰਕੋਚ ਨਿਵੇਕਲਾ ਹੈ, ਪਰ ਸਭ ਦਾ ਸੰਦੇਸ਼ ਜਾਤਪਾਤ, ਰੰਗ-ਨਸਲ ਵਰਗੇ ਵਿਤਕਰਿਆਂ ਤੋਂ ਉਤਾਂਹ ਉਠ ਕੇ ਪ੍ਰਭੂ-ਪ੍ਰੇਮ ਵਿਚ ਲੀਨ ਹੋ ਕੇ ਉਚੀ ਆਤਮਿਕ ਅਵਸਥਾ ਵਿਚ ਬਿਰਾਜਣ ਦਾ ਹੈ। ਇਸ ਵਿਚਲੇ ਕੁੱਲ ੫੮੯੪ ਸ਼ਬਦਾਂ ਵਿਚੋਂ ੪੯੫੬ ਗੁਰੂ ਸਾਹਿਬਾਨਾਂ ਦੇ ਅਤੇ ੯੩੮ ਭਗਤ ਕਵੀਆਂ ਦੇ ਸ਼ਬਦ ਹਨ। ਸਮੁੱਚੀ ਬਾਣੀ ਦੀ ਇਕਸੁਰਤਾ ਅਜਿਹੀ ਹੈ ਕਿ ਪਾਠਕ-ਜਗਿਆਸੂ ਸੁਤੇ ਸਿੱਧ ਹੀ ਗੁਰਬਾਣੀ ਤੋਂ ਭਗਤ ਬਾਣੀ ਵਿਚ ਪ੍ਰਵੇਸ਼ ਕਰ ਜਾਂਦਾ ਤੇ ਭਗਤ ਬਾਣੀ ਤੋਂ ਗੁਰਬਾਣੀ ਵਿਚ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੪ ਤੋਂ ਲੈ ਕੇ ੧੩੫੨ ਤੱਕ ਸਾਰੀ ਬਾਣੀ ਸਮੁੱਚੇ ਭਾਰਤ ਦੇ ਸਭ ਮੱਤਾਂ, ਸੰਪਰਦਾਵਾਂ, ਪ੍ਰਾਂਤਾਂ, ਰੁੱਤਾਂ ਤੇ ਮੌਸਮਾਂ ਨਾਲ ਸੰਬੰਧਿਤ ੩੧ ਲੋਕਪ੍ਰਿਆ ਰਾਗਾਂ



www.AKJ.Org

ਵਿਚ ਰਚੀ ਹੈ। ਸਭ ਤੋਂ ਵੱਧ ੩੦ ਰਾਗਾਂ ਵਿਚ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦੀ ਰਚਨਾ ਮਿਲਦੀ ਹੈ। ਗੁਰੂ ਨਾਨਕ ਸਾਹਿਬ ਨੇ ੧੯, ਗੁਰੂ ਅਮਰਦਾਸ ਜੀ ਨੇ ੧੭ ਤੇ ਗੁਰੂ ਤੇਗ ਬਹਾਦਰ ਸਾਹਿਬ ਨੇ ੧੫ ਰਾਗਾਂ ਵਿਚ ਬਾਣੀ ਉਚਾਰੀ। ਭਗਤ ਕਵੀਆਂ ਵਿਚੋਂ ਕਬੀਰ ਤੇ ਨਾਮਦੇਵ ਨੇ ੧੮, ਰਵਿਦਾਸ ਨੇ ੧੬, ਤ੍ਰਿਲੋਚਨ ਤੇ ਬੇਣੀ ਨੇ ੩, ਧੰਨਾ, ਜੈਦੇਵ ਤੇ ਫਰੀਦ ਨੇ ੨ ਅਤੇ ਭੀਖਣ ਸੈਣ, ਪੀਪਾ, ਸਧਨਾ ਤੇ ਪਰਮਾਨੰਦ ਨੇ ਕੇਵਲ ਇਕ ਹੀ ਰਾਗ ਵਿਚ ਬਾਣੀ ਰਚੀ ਹੈ। ਗੁਰਮਤਿ ਸੰਗੀਤ ਅਤੇ ਗੁਰਬਾਣੀ ਵਿਚਲੀ ਰਾਗਾਤਮਕਤਾ ਨੂੰ ਧਿਆਨ ਹਿਤ ਰੱਖਦੇ ਹੋਏ ਅਤੇ ਵਿਸ਼ੇਸ਼ ਅਧਿਐਨ ਵਾਸਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 'ਗੁਰਮਤਿ ਸੰਗੀਤ' ਨੂੰ ਵਿਸ਼ੇ ਵਜੋਂ ਮਾਨਤਾ ਦੇ ਕੇ ਸ਼ਾਲਾਘਾਯੋਗ ਕਾਰਜ ਕੀਤਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਭੰਡਾਰ ਵਿਚ ਚਿੰਨ੍ਹ, ਪ੍ਰਤੀਕ, ਅਲੰਕਾਰ, ਰਸ, ਸ਼ਬਦ-ਚਿਤਰ ਅਨੇਕਾਂ ਰਹੱਸਮਈ ਭਾਵਾਂ ਨੂੰ ਉਜਾਗਰ ਕਰਦੇ ਹਨ। ਮਿਸਾਲ ਵਜੋਂ ਬਾਰਕ-ਮਾਤਾ, ਸਹੁਰਾ-ਪੇਕਾ, ਸੁਹਾਗਣ-ਦੁਹਾਗਣ, ਬੇੜੀ-ਤੁਲਹਾ, ਧਰਤੀ-ਆਕਾਸ਼, ਸਾਗਰ-ਬੋਹਿਥ, ਜਲ-ਕਮਲ ਆਦਿ ਅਨੇਕਾਂ ਕੁਦਰਤੀ ਤੇ ਘਰੋਗੀ ਸੰਕਲਪਾਂ ਦੁਆਲੇ ਬਿੰਬ ਉਸਰਦੇ ਹਨ। ਗੁਰਮਤਿ ਕਾਵਿ ਵਿਚ ਭਾਰਤੀ ਪਿੰਗਲ ਦੇ ਲਗਭਗ ਸਾਰੇ ਛੰਦ-ਰੂਪ ਵਰਤੇ ਗਏ ਹਨ, ਪਰ ਬਾਣੀ ਵਿਚ ਪ੍ਰਮੁੱਖਤਾ ਛੰਦ-ਘਾੜਤ ਨੂੰ ਨਹੀਂ, ਭਾਵ-ਅਭਿਵਿਅਕਤੀ ਨੂੰ ਦਿਤੀ ਗਈ ਹੈ। ਬਾਣੀਕਾਰ ਆਵੇਸ਼ ਵਿਚ ਉਗਮਦੀ ਸਰੋਦੀ ਹੂਕ ਦੇ ਧੁਰੋਂ ਉਠਣ 'ਤੇ ਰਚਨਾ ਕਰਦੇ ਹਨ ਅਤੇ ਛੰਦਾ-ਬੰਦੀ ਦੀ ਕੈਦ ਅਧੀਨ ਨਹੀਂ। ਗੁਰਬਾਣੀ ਵਿਚ ਜ਼ਿਆਦਾਤਰ ਜਨ-ਸਾਧਾਰਨ ਦੇ ਪ੍ਰਚੱਲਿਤ ਲੋਕ-ਕਾਵਿ ਰੂਪਾਂ ਨੂੰ ਅਪਣਾ ਕੇ ਛੰਤ, ਘੋੜੀਆਂ, ਲਾਵਾਂ ਅਲਾਹੁਣੀਆਂ, ਬਾਰਾਮਾਹ, ਗੋਸ਼ਟਿ, ਸਲੋਕ, ਸੋਹਿਲਾ, ਆਰਤੀ, ਬਾਵਨ ਅਖਰੀ, ਛਿੰਝ, ਰੁਤਾਂ, ਥਿੱਤਾਂ, ਪਹਿਰੇ, ਦਿਨ ਰੈਣਿ, ਢੁਨਹੇ, ਕਰਹਲੇ, ਗੁਣਵੰਤੀ, ਸੁਚੱਜੀ, ਕੁਚੱਜੀ, ਮੰਜਲੀ, ਸਤਵਾਰਾ, ਗੀਤ, ਵਾਰਾਂ ਆਦਿ ਵਿਚ ਰਚਨਾ ਮਿਲਦੀ ਹੈ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਸਰਵ-ਸ਼੍ਰੇਸ਼ਟ ਰੂਹਾਨੀ ਫਲਸਫੇ ਨੂੰ ਉਤਮ ਕਾਵਿ ਕਲਾ ਰਾਹੀਂ ਪੇਸ਼ ਕਰਦੇ ਹੋਏ ਅਧਿਆਤਮਿਕ ਸੁੰਦਰਤਾ ਉਤਪੰਨ ਕਰਨਾ ਹੈ। ਗੁਰਬਾਣੀ ਵਿਚ ਵਿਸ਼ੇ ਤੇ ਰੂਪ ਦਾ, ਆਕਾਰ ਤੇ ਪ੍ਰਕਾਰ ਦਾ, ਕਿਰਤ ਤੇ ਕਰਮ ਦਾ, ਨੇਮ ਤੇ ਪ੍ਰੇਮ ਦਾ, ਭਗਤੀ ਤੇ ਸਰਮ ਦਾ, ਗ੍ਰਿਹਸਤ ਤੇ ਉਦਾਸ ਦਾ, ਆਸ਼ਾ ਤੇ ਨਿਰਾਸ਼ਾ ਦਾ, ਹੁਕਮ ਤੇ ਭਾਣੇ ਦਾ, ਭਗਤੀ ਤੇ ਸ਼ਕਤੀ ਦਾ, ਆਦਰਸ਼ ਤੇ ਯਥਾਰਥ ਦਾ, ਵੇਦ ਤੇ ਕਤੇਬ ਦਾ, ਧਰਮ ਤੇ ਰਾਜਨੀਤੀ ਦਾ ਅਨੂਠਾ ਸੰਗਮ ਹੈ, ਜਿਸ ਦੀ ਮਿਸਾਲ ਵਿਸ਼ਵ ਸਾਹਿਤ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ। ਮਾਨਵਵਾਦੀ ਧਰਮ ਦਾ ਸੰਸਥਾਪਕ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਂਝੇ ਸਭਿਆਚਾਰ ਤੇ ਆਤਮਿਕ ਇਤਿਹਾਸ ਦਾ ਤ੍ਰੈਕਾਲ-ਦਰਸ਼ੀ ਨਿਰਪੇਖ ਸਚ ਹੈ।

## ਪ੍ਰੀਤ-ਮਜ਼ੂਰੀ

(ਅਜੀਤ ਕੌਰ ਲੁਧਿਆਣਾ)

ਨਾਮੇਂ ਕੋਲੋਂ ਗੁਆਂਢਣ ਨੇ ਪੁੱਛ ਕੀਤੀ, ਝੁੱਗੀ ਕਿਸ ਨੇ ਤੇਰੀ ਬਣਾਈ ਹੈ ਇਹ
ਹੀਰੇ ਮੋਤੀਆਂ ਦੀ ਸੁਹਣੀ ਜੜਤ ਜੜਕੇ,ਚੰਨ ਤਾਰਿਆਂ ਵਾਂਗ ਸਜਾਈ ਹੈ ਇਹ।
ਮੈਨੂੰ ਦੱਸ ਛੇਤੀ ਉਸ ਰਾਜ ਦਾ ਨਾਂ ਜਿਸ ਕੋਲੋਂ ਤੂੰ ਛੰਨ ਛਣਾਈ ਹੈ ਇਹ
ਵੇਖ ਵੇਖ ਨਹੀਂ ਰੱਜਦਾ ਜੀਅ ਮੇਰਾ,ਮੇਰੀਆਂ ਅੱਖੀਆਂ ਵਿੱਚ ਸਮਾਈ ਹੈ ਇਹ।
ਮੈਂ ਤਾਂ ਦੇਵਾਂਗੀ ਦੁੱਗਣੇ ਦਾਮ ਉਸਨੂੰ ਜੇ ਉਹ ਮੇਰੀ ਵੀ ਝੁੱਗੀ ਬਣਾ ਦੇਵੇ।
ਚਮਕ ਤਾਰਿਆਂ ਦੀ, ਡਲ੍ਹਕ ਮੋਤੀਆਂ ਦੀ, ਬੜੀ ਪ੍ਰੀਤ ਦੇ ਨਾਲ ਸਜਾ ਦੇਵੇ।
ਮੈਨੂੰ ਪੈਸੇ ਦੀ ਕੋਈ ਪ੍ਰਵਾਹ ਹੈ ਨਹੀਂ, ਬੇਸ਼ਕ ਸੈਂਕੜੇ ਦਾਮ ਉਹ ਲਾ ਦੇਵੇ।
ਛੇਤੀ ਦੱਸ ਮੈਨੂੰ ਉਸਦਾ ਪਤਾ ਵੀਰਾ, ਤਾਂਕੇ ਜਲਦੀ ਉਹ ਕੰਮ ਮੁਕਾ ਦੇਵੇ।
ਅਗੋਂ ਨਾਮਾ ਜੀ ਹੱਸ ਕੇ ਕਹਿਣ ਲੱਗੇ, ਉਸਦਾ ਪੈਸਿਆਂ ਨਾਲ ਨਈਂ ਪਿਆਰ ਬੀਬੀ।
ਸੱਚੇ ਦਿਲੋਂ ਜੋ ਕਰੇ ਪਿਆਰ ਉਸਨੂੰ, ਦੇਂਦਾ ਉਸਦੇ ਕੰਮ ਸੁਆਰ ਬੀਬੀ,
ਉਹ ਤਾਂ ਮੰਗੇ ਮਜ਼ੂਰੀ ਪ੍ਰੀਤ ਵਾਲੀ, ਕਰੇ ਉਸ ਨੂੰ ਜੋ ਸੱਚਾ ਪਿਆਰ ਬੀਬੀ।
ਉਚੇ ਨੀਵੇਂ ਦਾ ਕਰੇ ਖਿਆਲ ਕੋਈ ਨਾ,ਉਹ ਹੈ ਸਭਨਾ ਦਾ ਸਿਰਜਣਹਾਰ ਬੀਬੀ।


www.AKJ.Org

# ਗੁਰੂ ਮਾਨਿਓ ਗ੍ਰੰਥ

ਡਾ: ਕੁਲਦੀਪ ਕੌਰ

## ਦਸਮੇਸ਼ ਆਦੇਸ਼

ਕਰ ਨਮਸਕਾਰ ਗੁਰਦੇਵ ਨੇ ਮੁਖੋਂ ਅਲਾਇਆ ਏਹ। ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।

੧. ਦਸਵੇਂ ਪਿਤਾ ਜਦ ਨਗਰ ਨਾਂਦੇੜ ਅੰਦਰ ਪਰਮ ਜੋਤ ਵਿਚ ਜੋਤ ਮਿਲਾਣ ਲੱਗੇ।
ਏਸ ਝਾਕੀ ਨੂੰ ਵੇਖਕੇ ਸਿਖ ਸਾਰੇ, ਆਪਣੇ ਨੈਣਾਂ 'ਚੋਂ ਨੀਰ ਵਸਾਣ ਲੱਗੇ।
ਕਿਵੇਂ ਕਰਾਂਗੇ ਗੁਰੂ ਜੀ ਅਸੀਂ ਦਰਸ਼ਨ, ਤੁਸੀਂ ਨਿਜ ਘਰ ਆਪਣੇ ਜਾਣ ਲੱਗੇ।
ਬਿਖੜਾ ਪੈਂਡਾ ਤੇ ਲੰਮੜੀ ਵਾਟ ਸਾਡੀ, ਸਾਡੀ ਬਾਂਹ ਹੁਣ ਕਿਹਨੂੰ ਫੜਾਨ ਲੱਗੇ।
ਸਾਡਾ ਦਰਦੀ ਨਾ ਤੁਸਾਂ ਦੇ ਬਾਝ ਕੋਈ ਰਾਹ ਕੋਈ ਨਾ ਸਾਨੂੰ ਦਰਸਾਣ ਵਾਲਾ।
ਬਿਸਮਿਲ ਹੋ ਚੁਕੀਆਂ ਰੂਹਾਂ ਸਾਡੀਆਂ ਤੇ ਛਿੱਟੇ ਅੰਮ੍ਰਿਤ ਦੇ ਕੋਈ ਨਾ ਪਾਣ ਵਾਲਾ।

੨. ਦਸਵੇਂ ਪਿਤਾ ਮੁਸਕਰਾਏ ਤੇ ਇੰਜ ਬੋਲੇ, ਦਿੱਤਾ ਰੂਪ ਮੈਂ ਆਪਣਾ ਤੁਸਾਂ ਤਾਈਂ।
ਪੰਥ ਸਾਜ ਕੇ ਇਸ਼ਟ ਮੈਂ ਥਾਪਿਆ ਏ, ਸਰਬੰਸ ਵਾਰ ਨਿਵਾਜਿਆ ਤੁਸਾਂ ਤਾਈਂ।
ਨਿਆਰੇ ਖ਼ਾਲਸੇ ਵਿਚ ਮੇਰਾ ਤੇਜ ਸਾਰਾ, ਜੋ ਕੁਝ ਕੋਲ ਸੀ ਅਰਪਿਆ ਤੁਸਾਂ ਤਾਈਂ।
ਕੰਡਿਆਲੇ, ਰਾਹਾਂ ਤੇ ਚੱਲਣ ਨਾ ਹੋਏ ਔਖਾ ਮੰਨੋ ਹੁਕਮ ਜੋ ਭਾਖਿਆ ਤੁਸਾਂ ਤਾਈਂ
ਗੁਰਗੱਦੀ ਮੈਂ ਅੱਜ ਤਿਆਗ ਦਿੱਤੀ, ਗੁਰੂ ਗ੍ਰੰਥ ਅੱਜ ਇੱਥੇ ਸਜਾ ਚੱਲਿਆਂ।
ਦਸਾਂ ਜਾਮਿਆਂ ਦੀ ਨਾਨਕ-ਜੋਤ ਇਸ ਵਿਚ ਤੁਹਾਡੀ ਬਾਂਹ ਅੱਜ ਇਹਨੂੰ ਫੜਾ ਚੱਲਿਆਂ।

੩. ਮੇਰੇ ਦਰਸ਼ਨਾਂ ਦੀ ਲੋਚਾ ਹੋਵੇ ਜਦ ਵੀ, ਦਰਸ਼ਨ ਗੁਰੂ ਗ੍ਰੰਥ ਦੇ ਕਰ ਲੈਣਾ।
ਮੇਰੇ ਨਾਲ ਜਦ ਬਚਨ ਕੋਈ ਚਾਹੋ ਕਰਨਾ, ਬਾਣੀ ਨਾਲ ਪ੍ਰੇਮ ਦੇ ਪੜ੍ਹ ਲੈਣਾ।
ਬਾਣੀ ਗੁਰੂ ਹੈ, ਬਾਣੀ ਦਾ ਹੁਕਮ ਮੰਨਕੇ, ਪੰਜਾਂ ਵੈਰੀਆਂ ਨੂੰ ਕਰ ਸਰ ਲੈਣਾ।
ਗੁਰੂ ਜੋਤਿ ਸਮਾਈ ਹੈ ਏਸ ਅੰਦਰ, ਇਹਦੇ ਨੂਰ ਨਾਲ ਝੋਲੀਆਂ ਭਰ ਲੈਣਾ।
ਸਰਗੁਣ ਰੂਪ ਜੇ ਵੇਖਣਾ ਚਾਹੋ ਮੇਰਾ, ਮੇਰੇ ਸਿੱਖ ਨੂੰ ਮੇਰਾ ਹੀ ਰੂਪ ਜਾਣੋ।
ਰਹਿਤ ਰਹਿਣੀ ਵਿਚ ਹੋਏ ਜੋ ਪਰਿਪੂਰਣ, ਚੇਲਾ ਮੈਨੂੰ ਤੇ ਉਹਨੂੰ ਗੁਰੂ ਰੂਪ ਜਾਣੋ।

੪. ਜਾਗਤ ਜੋਤ ਇਹ ਗੁਰੂ ਹੈ ਜਗ ਅੰਦਰ, ਇਸਦੀ ਹੋਂਦ ਨਾ ਕੋਈ ਮਿਟਾ ਸਕਦਾ।
ਦੋਖੀ ਬਣ ਜੇ ਕਰੇਗਾ ਵਾਰ ਕੋਈ, ਆਪਣਾ ਆਪ ਨਾ ਕਦੇ ਬਚਾ ਸਕਦਾ।
ਇਹਦੀ ਜੋਤ ਸਦੀਵੀ ਹੈ, ਸਦਾ ਜਗਸੀ, ਇਹਦੀ ਲੋਅ ਨ ਕੋਈ ਬੁਝਾ ਸਕਦਾ।
ਪਾਰ ਬ੍ਰਹਮ ਦਾ ਵਾਸਾ ਹੈ ਏਸ ਅੰਦਰ, ਕੋਈ ਨਾ ਏਸਨੂੰ ਪਾਰ ਬੁਲਾ ਸਕਦਾ।
ਦੈਵੀ ਗਿਆਨ ਭੰਡਾਰ ਅਮੋਲ ਹੈ ਇਹ, ਰੱਬੀ ਜੋਤ ਦੇ ਦਰਸ਼ਨ ਕਰਾ ਦੇਂਦੈ।
ਕਰਦੇ ਦੂਰ ਅਗਿਆਨ ਅਗਿਆਨੀਆਂ ਦਾ, ਨ੍ਹੇਰੇ ਰਿਦੇ ਨੂੰ ਇਹ ਰੁਸ਼ਨਾ ਦੇਂਦੈ।

੫. ਜਦ ਤੱਕ ਏਸ ਦੀ ਸ਼ਰਨ ਵਿਚ ਪੰਥ ਰਹਿਸੀ, ਤਦ ਤੱਕ ਕੋਈ ਨ ਅੜੇਗਾ ਪੰਥ ਸਾਹਵੇਂ।
ਜਿਹੜਾ ਅੜੇਗਾ, ਝੜੇਗਾ ਪਲ ਅੰਦਰ, ਦੂਜੀ ਵਾਰ ਨਾ ਖੜੇਗਾ ਪੰਥ ਸਾਹਵੇਂ।
ਪਰਮ ਸੰਤ ਗੁਰੂ ਗ੍ਰੰਥ ਹੈ ਸਿੱਖ ਦੇ ਲਈ, ਡੇਰੇ ਵਾਲਾ ਕੋਈ ਟਿਕੇ ਨਾ ਪੰਥ ਸਾਹਵੇਂ
ਭੇਖੀ ਸੰਤਾਂ ਦੇ ਝੁੰਡਾਂ ਦੇ ਝੁੰਡ ਫਿਰਦੇ, ਪੋਲ ਖੁਲ੍ਹ ਜਾਸਣ ਸਭ ਦੇ ਪੰਥ ਸਾਹਵੇਂ
ਮੋੜੇ ਮੂੰਹ ਜੇ ਪੰਥ ਗੁਰੂ ਗ੍ਰੰਥ ਵੱਲੋਂ, ਪਲ ਵਿੱਚ ਹੋਵਸੀ ਸੱਤਾ ਹੀਨ ਮੂਲੋਂ।
ਅਮਰੀ ਸੋਮੇ ਤੋਂ ਤੋੜੇ ਸੰਬੰਧ ਜੇਕਰ, ਭੁੱਲ ਜਾਵੇਗਾ ਅਣਖ ਨਾਲ ਜੀਣ ਮੂਲੋਂ।



www.AKJ.Org

# ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ

- ਗਿ. ਜਗਤਾਰ ਸਿੰਘ ਪਿਹੋਵਾ -

ਗਉੜੀ ਮਹਲਾ ੫

ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ। ਹਰਿ ਕੀਰਤਨ ਮਹਿ ਏਹੁ ਮਨੁ ਜਾਗੈ।

ਇਹ ਪਾਵਨ ਬਚਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਚਾਰਨ ਕੀਤੇ ਹੋਏ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗਉੜੀ ਰਾਗ ਵਿਚ ਪੰਨਾ ੧੯੯ ਉਤੇ ਅੰਕਿਤ ਹਨ। ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਹੇ ਭਾਈ ! ਤੂੰ ਅਜਿਹਾ ਉਦਮ ਕਰ ਜਿਸ ਦੇ ਕਰਨ ਨਾਲ ਤੇਰੇ ਮਨ ਨੂੰ ਵਿਕਾਰਾਂ ਦੀ ਮੈਲ ਨਾ ਲੱਗੇ ਤੇ ਤੇਰਾ ਇਹੁ ਮਨ ਪ੍ਰਭੂ ਦੀ ਸਿਫਤ ਸਲਾਹ ਵਿਚ ਲੱਗ ਜਾਵੇ ਕਿਉਂਕਿ ਮਨੁੱਖ ਜਦੋਂ ਆਤਮਕ ਤੌਰ 'ਤੇ ਸੌਂ ਜਾਂਦਾ ਹੈ ਤਾਂ ਪੰਜ ਵਿਕਾਰ ਮਨੁੱਖ ਨੂੰ ਆ ਘੇਰਦੇ ਹਨ ਤੇ ਮਨੁਖ ਆਤਮਕ ਮੌਤ ਸਹੇੜ ਲੈਂਦਾ ਹੈ। ਅਜਿਹਾ ਮਨੁੱਖ ਨਾ ਤਾਂ ਸਮਾਜ ਸੇਵਕ ਹੋ ਸਕਦਾ ਹੈ। ਅਤੇ ਨਾ ਹੀ ਰੱਬੀ ਦਰਗਾਹ ਵਿੱਚ ਕਬੂਲ ਪੈਂਦਾ ਹੈ । ਆਤਮਕ ਤੌਰ 'ਤੇ ਮਨੁੱਖ ਦੇ ਸੌਣ ਦਾ ਕਾਰਨ ਇਸ ਦੇ ਗਿਆਨ ਤੇ ਕਰਮ ਇੰਦਰੀਆਂ ਦਾ ਆਪੋ ਆਪਣੇ ਰਸਾਂ ਵਿਚ ਖਚਤ ਹੋਣਾ ਹੈ। ਭਾਈ ਗੁਰਦਾਸ ਜੀ ਬਿਆਨ ਕਰਦੇ ਹਨ ਇਹ ਮਨੁੱਖ ਜਦੋਂ ਸਿਆਣਾ ਹੋ ਜਾਂਦਾ ਹੈ ਭਾਵ ਬਚਪਨ ਤੋਂ ਜ਼ਵਾਨੀ ਵਿੱਚ ਪੈਰ ਧਰਦਾ ਹੈ ਤਾਂ ਉਸ ਕਰਤੇ ਵਾਹਿਗੁਰੂ ਦੇ ਕੀਤੇ ਹੋਏ ਨਾਲ ਲਿਪਟ ਜਾਂਦਾ ਹੈ ਤੇ ਆਤਮਾ ਨੂੰ ਵਿਕਾਰਾਂ ਦੀ ਮੈਲ ਲਾ ਲੈਂਦਾ ਹੈ ਭਾਈ ਸਾਹਿਬ ਜੀ ਦਾ ਫੁਰਮਾਨ ਹੈ :-

ਹੋਇ ਸਿਆਨਾ ਸਮਝਿਆ ਕਰਤਾ ਛਡ ਕੀਤੇ ਲਪਟਾਇਆ । (ਵਾਰ ੧੫, ਪਉੜੀ ੧੮)

ਸ਼ਹੀਦਾਂ ਦੇ ਸਿਰਤਾਜ ਸਹਜ- ਅਡੋਲਤਾ ਦੀ ਮੂਰਤ ਪੰਚਮ ਗੁਰਦੇਵ ਫੁਰਮਾਨ ਕਰਦੇ ਹਨ ਕਿ ਇਸ ਸਰੀਰ-ਘਰ ਵਿਚ ਕੋਈ ਵਿਰਲਾ ਮਨੁੱਖ ਹੀ ਸੁਚੇਤ ਰਹਿੰਦਾ ਹੈ। ਜਿਹੜਾ ਸੁਚੇਤ ਰਹਿੰਦਾ ਹੈ ਉਹੋ ਆਪਣੀ ਆਤਮਕ ਜੀਵਨ ਦੀ ਸਾਰੀ ਦੀ ਸਾਰੀ 'ਰਾਸਿ' ਭਾਵ ਪੂੰਜੀ ਸਾਂਭ ਲੈਂਦਾ ਹੈ ਜਿਹੜਾ ਮਨੁੱਖ ਇਸ ਘਰ ਵਿਚ ਸੁਚੇਤ ਨਹੀਂ ਰਹਿੰਦਾ ਉਹੋ ਆਤਮਕ ਪੂੰਜੀ ਗਵਾ ਲੈਂਦਾ ਹੈ ਕਿਉਂਕਿ ਅਜਿਹੇ ਮਨੁੱਖ ਦੇ ਗਿਆਨ ਇੰਦਰੇ ਸੁੱਤੇ ਹੁੰਦੇ ਹਨ। ਅੱਖਾਂ ਪਰਾਏ ਰੂਪ ਨੂੰ ਵਿਕਾਰ ਨਾਲ ਵੇਖ ਕੇ ਸੌਂ ਜਾਂਦੀਆਂ ਹਨ, ਹੋਰਨਾਂ ਦੀ ਨਿੰਦਿਆ ਦੀ ਵਿਚਾਰ ਸੁਣ-ਸੁਣ ਕੇ ਕੰਨ ਸੁਤੇ ਰਹਿੰਦੇ ਹਨ, ਜੀਭ ਖਾਣ ਦੇ ਲੋਭ ਵਿਚ ਪਦਾਰਥਾਂ ਦੇ ਮਿੱਠੇ ਸੁਆਦਾਂ ਵਿਚ ਸੁੱਤੀ ਰਹਿੰਦੀ ਹੈ, ਮਨ ਮਾਇਆ ਦੇ ਅਸਚਰਜ ਤਮਾਸ਼ੇ ਵਿਚ ਸੁੱਤਾ ਰਹਿੰਦਾ ਹੈ। ਸਾਰੇ ਗਿਆਨ ਇੰਦਰੇ ਆਪੋ-ਆਪਣੇ ਚਸਕਿਆਂ ਵਿਚ ਮਸਤ ਰਹਿੰਦੇ ਹਨ ਤੇ ਸਰੀਰ-ਘਰ ਦੀ ਸੂਝ ਨਹੀਂ ਰੱਖਦੇ। ਠੱਗਣ ਵਾਲੇ ਪੰਜੇ ਡਾਕੂ ਸੁੰਞੇ ਘਰ ਵਿਚ ਲੁਟਦੇ ਹਨ। ਉਹਨਾਂ ਪੰਜ ਡਾਕੂਆਂ ਤੋਂ ਫਿਰ ਮਾਤਾ-ਪਿਤਾ ਵੀ ਨਹੀਂ ਬਚਾ ਸਕਦੇ ਅਤੇ ਨਾ ਹੀ ਕੋਈ ਮਿੱਤਰ ਬਚਾ ਸਕਦਾ ਹੈ, ਨਾ ਹੀ ਕੋਈ ਭਰਾ ਬਚਾ ਸਕਦਾ ਹੈ ਅਤੇ ਇਹ ਪੰਜੇ ਡਾਕੂ ਧਨ ਅਤੇ ਚਤੁਰਾਈ ਨਾਲ ਵਰਜੇ ਜਾ ਸਕਦੇ ਹਨ। ਇਹ ਪੰਜੇ ਦੁਸ਼ਟ ਸਿਰਫ ਸਾਧ ਸੰਗਤਿ ਵਿਚ ਜੁੜਿਆਂ ਵੱਸ ਵਿਚ ਹੋ ਸਕਦੇ ਹਨ। ਗੁਰੂ ਸਾਹਿਬ ਫੁਰਮਾਨ ਕਰਦੇ ਹਨ- ਹੇ ਪ੍ਰਭੂ ! ਮੇਰੇ ਉਤੇ ਕਿਰਪਾ ਕਰ, ਮੈਨੂੰ ਗੁਰਮੁਖਾਂ ਦੇ ਚਰਨਾਂ ਦੀ ਧੂੜ ਦੇਹ, ਏਹੀ ਮੇਰੇ ਵਾਸਤੇ ਸਾਰੇ ਖਜ਼ਾਨੇ ਹਨ। ਗੁਰੂ ਦੀ ਸੰਗਤ ਵਿਚ ਰਿਹਾਂ ਆਤਮਕ ਜੀਵਨ ਦਾ ਸਰਮਾਇਆ ਸਾਰੇ ਦਾ ਸਾਰਾ ਬਚਿਆ ਰਹਿੰਦਾ ਹੈ। ਪ੍ਰਮਾਤਮਾ ਦਾ ਸੇਵਕ ਪ੍ਰਮਾਤਮਾ ਦੇ ਪ੍ਰੇਮ ਰੰਗ ਵਿਚ ਰਹਿ ਕੇ ਹੀ ਸੁਚੇਤ ਰਹਿ ਸਕਦਾ ਹੈ ਤੇ ਪੰਜਾਂ ਵਿਕਾਰਾਂ ਤੇ ਹੱਲਿਆਂ ਤੋਂ ਬਚਿਆ ਜਾ ਸਕਦਾ ਹੈ। ਹੇ ਭਾਈ ! ਕਾਮਾਦਿਕ ਪੰਜਾਂ ਡਾਕੂਆਂ ਦੀ ਹੱਲਿਆਂ ਵੱਲੋਂ ਉਹੀ ਮਨੁੱਖ ਸੁਚੇਤ ਰਹਿੰਦਾ ਹੈ ਜਿਸ ਤੇ ਪਰਮਾਤਮਾ ਦਇਆਵਾਨ ਹੁੰਦਾ ਹੈ। ਉਸਦੀ ਆਤਮਕ ਜੀਵਨ ਦੀ ਇਹ ਰਾਸ (ਪੂੰਜੀ) ਸਾਰੀ ਬਚੀ ਰਹਿੰਦੀ ਹੈ; ਭਾਵ, ਪ੍ਰਭੂ ਦਾ ਨਾਮ ਧਨ ਸਰਮਾਇਆ ਬਚਿਆ ਰਹਿੰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ –

ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥
ਰਸਨਾ ਸੋਈ ਲੋਭਿ ਮੀਠੈ ਸਾਦਿ, ਮਨੁ ਸੋਇਆ ਮਾਇਆ ਬਿਸਮਾਦਿ ॥੧॥



www.AKJ.Org

ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ, ਸਾਬਤੁ ਵਸਤੁ ਓਹੁ ਅਪਨੀ ਲਹੈ ॥ਰਹਾਉ॥
ਸਗਲ ਸਹੇਲੀ ਅਪਨੈ ਰਸ ਮਾਤੀ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥੨॥
ਮੁਸਨਹਾਰ ਪੰਚ ਬਟਵਾਰੇ, ਸੂਨੇ ਨਗਰਿ ਪਰੇ ਠਗਹਾਰੇ॥
ਉਨ ਤੇ ਰਾਖੈ ਬਾਪੁ ਨ ਮਾਈ॥ ਉਨ ਤੇ ਰਾਖੈ ਮੀਤੁ ਨ ਭਾਈ।
ਦਰਬਿ ਸਿਆਣਪ ਨਾ ਓਇ ਰਹਤੇ॥ ਸਾਧ ਸੰਗਿ ਓਇ ਦੁਸਟ ਵਸਿ ਹੋਤੇ ॥੩॥
ਕਰਿ ਕਿਰਪਾ ਮੋਹਿ ਸਾਰਿੰਗਪਾਣਿ, ਸੰਤਨ ਧੂਰਿ ਸਰਬ ਨਿਧਾਨ।
ਸਾਬਤੁ ਪੂੰਜੀ ਸਤਿਗੁਰ ਸੰਗਿ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥ ੪॥ਰਹਾਉ ਦੂਜਾ॥
ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ॥ ਇਹ ਪੂੰਜੀ ਸਾਬਤੁ ਧਨੁ ਮਾਲੁ ॥੧॥ (ਪੰਨਾ ੧੮੨)

ਭਾਈ ਗੁਰਦਾਸ ਜੀ ਗੁਰੂ ਸ਼ਬਦ ਦੀ ਵਿਆਖਿਆ ਕਰਦਿਆਂ ਬਿਆਨ ਕਰਦੇ ਹਨ ਕਿ ਜਿਹੜੇ ਮਨੁੱਖ ਦੇ ਗਿਆਨ ਇੰਦਰੇ ਸਤਿਗੁਰੂ ਦੇ ਸ਼ਬਦ ਨੂੰ ਪ੍ਰੀਤ ਨਹੀਂ ਕਰਦੇ ਉਹ ਤ੍ਰਿਪਤ ਨਹੀਂ ਹੁੰਦੇ। ਅੱਖਾਂ ਨਾਨਾ ਪ੍ਰਕਾਰ ਦੇ ਰੰਗ ਤਮਾਸ਼ੇ ਵੇਖਦੀਆਂ ਹੋਈਆਂ ਨਹੀਂ ਰੱਜੀਆਂ। ਵਡਿਆਈ ਨਿੰਦਾ ਸੁਣ ਕੇ ਕੰਨ ਰੋਂਦੇ ਤੇ ਹਸਦੇ ਰਹਿੰਦੇ ਹਨ (ਸਿੱਟਾ ਕੁਝ ਵੀ ਨਹੀਂ ਨਿਕਲਦਾ) ਜੀਭ ਸੁਆਦਾਂ ਨਾਲ ਕਦੀ ਨਹੀਂ ਰੱਜਦੀ, ਪਦਾਰਥ ਨੂੰ ਚੱਖ ਕੇ ਅਨੰਦ ਮਾਣਦੀ ਹੈ।

ਨੱਕ ਵਾਸ਼ਨਾ ਨੂੰ ਲੈ ਕੇ ਕਦੀ ਨਹੀਂ ਰੱਜਦਾ; ਕਿਧਰੇ ਦੁਰਗੰਧ, ਕਿਧਰੇ ਸੁਗੰਧ (ਵਾਸ਼ਨਾ) ਹੁੰਦੀ ਹੈ ਇਸ ਤਰ੍ਹਾਂ ਰੱਜ ਕੇ ਕੋਈ ਉਮਰ ਨਹੀਂ ਭੋਗਦਾ; ਝੂਠੇ ਭਰੋਸਿਆਂ ਵਿਖੇ ਪ੍ਰਾਣੀ ਮਸਤ ਰਹਿੰਦੇ ਹਨ, ਪਰ ਜਿਨ੍ਹਾਂ ਸ਼ਹੀਦਾਂ (ਸਿੱਖਾਂ) ਨੇ ਪੀਰਾਂ (ਗੁਰੂ) ਨਾਲ ਪ੍ਰੀਤ ਜੋੜ ਲਈ ਉਹਨਾਂ ਨੂੰ ਜੀਵਨ ਜਾਚ ਆ ਗਈ, ਭਾਵ ਸੰਸਾਰ ਵਿਚ ਜਿਉਣ ਦਾ ਢੰਗ ਆ ਗਿਆ। ਉਹਨਾਂ ਗੁਰਸਿੱਖਾਂ ਦੀ ਰਹੁ ਰੀਤ ਸੱਚੀ ਹੈ,ਕਿਉਂਕਿ ਗੁਰੂ ਤੋਂ ਬੇਮੁਖ ਲੋਕ ਇੰਦਰੀਆਂ ਦੇ ਰੰਗਾਂ ਅਤੇ ਝੂਠੇ ਭਰੋਸਿਆਂ ਵਿਚ ਉਮਰ ਗੁਜ਼ਾਰ ਦਿੰਦੇ ਹਨ ਅਤੇ ਵਿਸ਼ਿਆਂ ਤੋਂ ਕਦੀ ਤ੍ਰਿਪਤ ਨਹੀਂ ਹੁੰਦੇ। ਗੁਰੂ-ਸ਼ਬਦ ਨਾਲ ਪ੍ਰੀਤ ਜੋੜਿਆਂ ਸੱਚੀ ਤ੍ਰਿਪਤੀ ਹੁੰਦੀ ਹੈ। ਭਾਈ ਸਾਹਿਬ ਜੀ ਆਪਣੀ ਵਾਰ ੨੭ ਪਉੜੀ ੯ ਵਿਚ ਫੁਰਮਾਉਂਦੇ ਹਨ –

ਅਖੀਂ ਵੇਖਿ ਨ ਰਜੀਆ ਬਹੁ ਰੰਗ ਤਮਾਸ਼ੇ। ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ।
ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ। ਨਕ ਨ ਰਜਾ ਵਾਸੁ ਲੈ ਦਰਗੰਧ ਸੁਵਾਸੇ।
ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ। ਪੀਰ ਮੁਰੀਦਾ ਪਿਰਹੜੀ ਸਚੀ ਰਹਰਾਸੇ।

ਵਾਰ ੨੭ ਪਉੜੀ ੧੦ ਵਿਚ ਭਾਈ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਜਿਹੜੇ ਗਿਆਨ ਅਥਵਾ ਕਰਮ ਇੰਦਰੇ ਗੁਰੂ ਸੰਗਤਿ ਵਿਚ ਨਹੀਂ ਜਾਗਦੇ ਉਹ ਧ੍ਰਿਕਾਰ ਹਨ। ਉਨ੍ਹਾਂ ਦਾ ਸੰਸਾਰ ਉਤੇ ਆਉਣਾ ਨਿਸਫਲ ਹੈ। ਧ੍ਰਿਕਾਰ ਹੈ ਉਸ ਸਿਰ ਨੂੰ ਜੋ ਗੁਰੂ ਅੱਗੇ ਨਹੀਂ ਨਿਉਂਦਾ ਅਤੇ ਗੁਰੂ ਚਰਨੀਂ ਨਹੀਂ ਲੱਗਦਾ। ਜਿਹੜੀਆਂ ਅੱਖਾਂ ਗੁਰੂ ਦੇ ਦਰਸ਼ਨ ਤੋਂ ਬਿਨਾਂ ਹਨ ਅਤੇ ਪਰ-ਇਸਤਰੀ ਜਾਂ ਪਰ- ਪੁਰਸ਼ ਵਲ ਬੁਰੀ ਨਜ਼ਰ ਨਾਲ ਤਕਦੀਆਂ ਹਨ ਉਹ ਅੱਖਾਂ ਧ੍ਰਿਗ ਹਨ ਫਿਟਕਾਰਨ ਯੋਗ ਹਨ। ਉਹ ਕੰਨ ਜੋ ਗੁਰੂ ਦੇ ਉਪਦੇਸ਼ ਨੂੰ ਸੁਰਤ ਵਿਚ ਨਹੀਂ ਵਸਾਉਂਦੇ ਅਤੇ ਉਸਨੂੰ ਸੁਣਨਾ ਛੱਡ ਦਿੰਦੇ ਹਨ, ਉਹ ਕੰਨ ਧ੍ਰਿਗ ਹਨ। ਉਸ ਜੀਵ ਨੂੰ ਫਿਟਕਾਰ ਜੋ ਗੁਰੂ ਸਾਹਿਬਾਂ ਦੀ ਬਾਣੀ ਨੂੰ ਛੱਡ ਕੇ ਹੋਰ ਮੰਤਰਾਂ ਨੂੰ ਰਟਦੀ ਹੈ।

ਫਿਟਕਾਰ ਹੈ ਉਨ੍ਹਾਂ ਹੱਥਾਂ ਤੇ ਪੈਰਾਂ ਨੂੰ ਜੋ ਗੁਰੂ ਸਾਹਿਬ ਵਲੋਂ ਦੱਸੀ ਸੇਵਾ ਨੂੰ ਛੱਡ ਕੇ ਹੋਰ ਝੂਠੀ ਨਿਹਫਲ ਸੇਵਾ ਕਰਦੇ ਹਨ। ਪੀਰਾਂ (ਗੁਰੂ) ਨਾਲ ਮੁਰੀਦਾਂ (ਸਿੱਖਾਂ) ਦੀ ਪ੍ਰੀਤ ਹੀ ਸਫਲ ਸੇਵਾ ਹੈ; ਕਾਰਨ ਇਹ ਕਿ ਸਤਿਗੁਰੂ ਦੀ ਸ਼ਰਨ ਵਿਖੇ ਆਤਮਕ ਸੁਖ ਹੈ, ਆਤਮਕ ਅਡੋਲਤਾ ਹੈ। ਭਾਈ ਸਾਹਿਬ ਫੁਰਮਾਨ ਕਰਦੇ ਹਨ–

ਧ੍ਰਿਗੁ ਸਿਰੁ ਜੋ ਗੁਰ ਨ ਨਿਵੈ, ਗੁਰ ਲਗੈ ਨ ਚਰਣੀ ॥ ਧ੍ਰਿਗੁ ਲੋਇਣ ਗੁਰ ਦਰਸ ਵਿਣੁ, ਵੇਖੈ ਪਰ-ਤਰਣੀ।
ਧ੍ਰਿਗ ਸਰਵਣਿ ਉਪਦੇਸ਼ ਵਿਣੁ, ਸੁਣਿ ਸੁਰਤਿ ਨ ਧਰਣੀ। ਧ੍ਰਿਗ ਜਿਹਬਾ ਗੁਰ ਸਬਦ ਵਿਣੁ, ਹੋਰ ਮੰਤ੍ਰ ਸਿਮਰਣੀ।


www.AKJ.Org

ਵਿਣੁ ਸੇਵਾ ਧ੍ਰਿਗ ਹੱਥ ਪੈਰ, ਹੋਰ ਨਿਰਫਲ ਕਰਣੀ। ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ ॥੧੦॥

ਇਕ ਪੁਰਾਤਨ ਗਾਥਾ ਹੈ। ਰਾਜਾ ਜਨਕ ਇਕ ਦਿਨ ਰਾਤ ਨੂੰ ਸੁਤਿਆਂ ਸੁਪਨੇ ਵਿਚ ਸ਼ਿਕਾਰ ਖੇਡਣ ਚਲਾ ਗਿਆ। ਅਚਾਨਕ ਇਕ ਗਿੱਦੜ ਆਇਆ ਤੇ ਰਾਜੇ ਨੂੰ ਕੱਟ ਗਿਆ। ਰਾਜੇ ਨੇ ਸੁਣਿਆ ਸੀ ਜਿਹਨੂੰ ਗਿੱਦੜ ਕੱਟ ਜਾਏ ਉਸਦਾ ਹਲਕਾਅ ਕੇ ਮਰ ਜਾਣ ਦਾ ਡਰ ਹੁੰਦਾ ਹੈ। ਰਾਜਾ ਜਨਕ ਵੈਦ ਪਾਸ ਜਾਂਦਾ ਹੈ। ਵੈਦ ਪੈਸੇ ਮੰਗਦਾ ਹੈ। ਰਾਜੇ ਕੋਲ ਪੈਸੇ ਨਹੀਂ ਹੁੰਦੇ। ਵੈਦ ਦਵਾਈ ਦੇਣ ਤੋਂ ਇਨਕਾਰ ਕਰ ਦਿੰਦਾ ਹੈ। ਰਾਜਾ ਘਰ-ਘਰ ਮੰਗਦਾ ਫਿਰਦਾ ਹੈ। ਇਕ ਮਾਤਾ ਨੇ ਜਦੋਂ ਉਸਦੇ ਹੱਥ ਤੇ ਦੋ ਪੈਸੇ ਰੱਖੇ ਤਾਂ ਰਾਜੇ ਦੀ ਅੱਖ ਖੁੱਲ੍ਹ ਗਈ। ਰਾਜਾ ਹੈਰਾਨ ਹੋ ਗਿਆ। ਸਵੇਰੇ ਦਰਬਾਰ ਦੇ ਸਾਰੇ ਵਿਦਵਾਨ ਇਕੱਠੇ ਕਰ ਲਏ। ਤੇ ਸਾਰਿਆਂ ਨੂੰ ਰਾਜੇ ਨੇ ਇਹ ਸਵਾਲ ਪੁਛਿਆ ਕਿ ਰਾਤ ਮੈਨੂੰ ਜਿਹੜਾ ਸੁਪਨਾ ਆਇਆ ਹੈ ਉਹ ਸੱਚਾ ਹੈ ਜਾਂ ਮੇਰਾ ਰਾਜ ਸੱਚਾ ਹੈ। ਕਿਸੇ ਵਿਦਵਾਨ ਨੂੰ ਸਹੀ ਉਤਰ ਨਾ ਆਇਆ। ਆਖਿਰ ਅਸ਼ਟਾਵਕਰ ਨੇ ਆ ਕੇ ਜਵਾਬ ਦਿਤਾ ਤੇ ਕਿਹਾ ਰਾਜਨ ਤੇਰਾ ਇਹ ਸੁਪਨਾ ਵੀ ਝੂਠਾ ਹੈ। ਨਾ ਤਾਂ ਤੂੰ ਉਹ ਹੈ ਜੋ ਰਾਤ ਸੁਪਨੇ ਸੀ ਅਤੇ ਨਾ ਇਹ ਤੇਰਾ ਰਾਜ ਦਰਬਾਰ ਰਹਿਣਾ ਹੈ। ਰਾਜਨ ਜਿਸ ਦਿਨ ਤੇਰੀ ਮੌਤ ਆਵੇ ਗੀ, ਤੇਰਾ ਇਹ ਰਾਜ ਵੀ ਤੈਨੂੰ ਸੁਪਨਾ ਲਗੇਗਾ। ਤੇਰਾ ਰਾਤ ਵਾਲਾ ਸੁਪਨਾ ਵੀ ਝੂਠਾ, ਗਿੱਦੜ ਦਾ ਕੱਟਣਾ ਵੀ ਝੂਠਾ, ਵੈਦ ਪਾਸ ਜਾਣਾ ਵੀ ਝੂਠਾ, ਮੰਗਣਾ ਵੀ ਝੂਠਾ ਤੇ ਇਹ ਰਾਜ ਭਾਗ ਵੀ ਝੂਠਾ। ਇਹ ਬਚਨ ਸੁਣ ਕੇ ਰਾਜੇ ਜਨਕ ਦੇ ਗਿਆਨ ਇੰਦਰੇ ਜਾਗ ਗਏ ਤੇ ਉਸ ਨੂੰ ਸੱਚ ਦੀ ਪ੍ਰਾਪਤੀ ਹੋਈ। ਇਸ ਗਾਥਾ ਤੋਂ ਸਾਨੂੰ ਪ੍ਰੇਰਨਾ ਮਿਲਦੀ ਹੈ ਕਿ ਅਸੀਂ ਜਾਗ ਜਾਈਏ। ਅੱਜ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਆਵਾਜ਼ਾਂ ਮਾਰ ਕੇ ਜਗਾ ਰਹੇ ਹਨ :

ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥
ਜੋ ਤਨ ਉਪਜਿਆ ਸੰਗਿ ਹੀ ਸੋ ਭੀ ਸੰਗਿ ਨ ਹੋਇਆ॥

ਗੁਰੂ ਨਾਨਕ ਦੇਵ ਜੀ ਦੇ ਇਤਿਹਾਸ ਨਾਲ ਸੰਬੰਧਤ ਘਟਨਾ ਹੈ ਕਿ ਜਦ ਗੁਰੂ ਨਾਨਕ ਦੇਵ ਜੀ ਸਿੰਗਲਾਦੀਪ ਪਹੁੰਚੇ ਤਾਂ ਉਥੋਂ ਦੇ ਰਾਜੇ ਸ਼ਿਵਨਾਭ ਨੇ ਇਹ ਪੱਕਾ ਕਰਨ ਲਈ ਕਿ ਉਹ ਗੁਰੂ ਨਾਨਕ ਹੀ ਹਨ, ਹੋਰ ਨਹੀਂ, ਉਨ੍ਹਾਂ ਵੱਲ ਕੁਝ ਨਾਚੀਆਂ ਭੇਜੀਆਂ। ਗੁਰੂ ਸਾਹਿਬ ਨੇ ਉਪਦੇਸ਼ ਦਿੰਤਾ ਕਿ ਇਹ ਸਰੀਰ ਵਿਕਾਰਾਂ ਨਾਲ ਭਰਿਆ ਭਾਂਡਾ ਹੈ, ਜਿਸ ਤੋਂ ਦੁਰਗੰਧ ਆਉਂਦੀ ਹੈ, ਜਿਹੜਾ ਇਸ ਨਾਲ ਸਪਰਸ਼ ਕਰੇਗਾ ਉਸਦਾ ਇਸ ਸੰਸਾਰ ਵਿਚ ਜਨਮ ਭ੍ਰਸ਼ਟ ਹੈ ਅਤੇ ਉਸ ਲਈ ਸ਼ਰਨ ਤੋਂ ਬਾਦ ਨਰਕ ਤਿਆਰ ਹੈ। ਇਸ ਉਪਦੇਸ਼ ਨੂੰ ਭਾਈ ਸੰਤੋਖ ਸਿੰਘ ਜੀ ਨੇ ਇੰਝ ਬਿਆਨ ਕੀਤਾ ਹੈ :

ਦੁਰਗੰਧ ਕੋ ਬਾਸਨ ਹੈ ਦੇਹੀ। ਇਨਹਿ ਸਪਰਸ਼ੈ ਹੈ ਜੁ ਸਨੇਹੀ।
ਇਹਠਾ ਜਨਮ ਭ੍ਰਿਸ਼ਟੇ ਤਿਨ ਕੇਰਾ। ਮੁਏ ਨਰਕ ਮਹਿ ਜਮ ਨੇ ਗੇਰਾ। (ਗੁਰ ਪ੍ਰਤਾਪ ਸੂਰਜ)

ਗੁਰੂ ਸਾਹਿਬ ਨੇ ਵਜੀਰ ਨੂੰ ਬਚਨ ਕੀਤਾ :-

ਹਮਰੇ ਇਹ ਨ ਕਿਸ ਹੂੰ ਕਾਜਾ ਜਾਇ ਦੀਜੀਏ ਆਪਨੇ ਰਾਜਾ।

ਜਦੋਂ ਗੁਰੂ ਜੀ ਦੇ ਇਹ ਬਚਨ ਵਜ਼ੀਰ ਨੇ ਰਾਜੇ ਸ਼ਿਵਨਾਭ ਨੂੰ ਜਾ ਕੇ ਦੱਸੇ ਤਾਂ ਰਾਜੇ ਨੂੰ ਯਕੀਨ ਆ ਗਿਆ ਕਿ ਗੁਰੂ ਨਾਨਕ ਹੀ ਮੇਰੇ ਬਾਗ ਵਿਚ ਆਏ ਸਨ। ਰਾਜਾ ਜਾ ਕੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਤੇ ਆ ਡਿੱਗਾ ਤਾਂ ਸਤਿਗੁਰੂ ਜੀ ਨੇ ਇਹ ਬਚਨ ਕਹਿਕੇ ਰਾਜੇ ਸ਼ਿਵਨਾਭ ਦੇ ਗਿਆਨ-ਇੰਦਰੇ ਜਗਾ ਦਿਤੇ

ਮਨ ਸੰਕਲਪ ਵਿਖੈ ਜੇ ਜਾਵਹਿ। ਪੁੰਨ ਮਨ ਰੋਕਿ ਸਬਦ ਮਤਿ ਲਾਵਹਿ।

ਭਗਤ ਰਵਿਦਾਸ ਜੀ ਦਾ ਬਚਨ ਹੈ ਕਿ ਅਸੀਂ ਤਾਂ ਰਾਜੇ ਸੀ ਪਰ ਸੌਣ ਕਰਕੇ ਭਿਖਾਰੀ ਬਣ ਗਏ ਹਾਂ। ਜਿਵੇਂ ਇਕ ਰਾਜਾ ਨੀਂਦਰ ਵਿਚ ਭਿਖਾਰੀ ਬਣ ਗਿਆ ਅਤੇ ਬਹੁਤ ਹੀ ਦੁਖੀ ਹੋਇਆ ਤਿਵੇਂ ਹੀ ਅਸੀਂ ਪ੍ਰਭੂ ਤੋਂ ਵਿਛੜ ਕੇ ਦੁੱਖਾਂ ਦੀ ਪ੍ਰਾਪਤੀ ਕੀਤੀ ਹੈ :-

ਨਰਪਤਿ ਏਕੁ ਸਿੰਘਾਸਨਿ ਸੋਇਆ, ਸੁਪਨੇ ਭਇਆ ਭਿਖਾਰੀ॥ (ਬਾਕੀ ਪੰਨਾ ੨੫ ਤੇ).



www.AKJ.Org

# ਜਿੰਦਗੀ ਦੀ ਸੱਚਾਈ

ਤਜਿੰਦਰ ਸਿੰਘ (ਤੇਜ)

ਜਿਸ ਨਾਲ ਸੀ ਮੈਂ ਲਾਈ ਪ੍ਰੀਤ ਸਮਝਿਆ ਉਸ ਨੂੰ ਮੈਂ ਆਪਣਾ ਮੀਤ
ਇਸ ਜਗ ਦੀ ਹੈ ਕੀ ਰੀਤ? ਉਹ ਸੀ ਉਸ ਦੀ ਝੂਠੀ ਪ੍ਰੀਤ
ਅੱਜ ਸੱਚ ਦੀ ਹੈ ਨਹੀਂ ਕੋਈ ਰੀਤ ਝੂਠ ਦੀ ਹੁੰਦੀ ਹੈ ਅੱਜ ਜੀਤ
ਇਹ ਹੈ ਕੱਲਜੁਗ ਦੀ ਅੱਜ ਰੀਤ ਅੱਜ ਮਾਇਆ ਵਿੱਚ ਸਭ ਐਸੇ ਫੱਸੇ।
ਰੱਬ ਦੇ ਰਸਤਿਉ ਦੂਰ ਨੇ ਨੱਸੇ ਕਰਮ ਕਾਂਡ ਵਿੱਚ ਐਸੇ ਫੱਸੇ
ਪੰਜਾਂ ਤੋਂ ਇਹ ਬੱਚ ਨਾ ਸਕੇ ਪ੍ਰੇਮ-ਪਿਆਰ ਤੋਂ ਦੂਰ ਨੇ ਨੱਸੇ।
ਕਰਮ-ਕਾਂਡ ਤੇ ਪਖੰਡਾਂ ਦੇ ਵਿੱਚ ਰੱਬ ਇਹਨਾਂ ਨੂੰ ਨਜਰ ਆਵੇ।
ਕੌਣ ਇਹਨਾਂ ਨੂੰ ਅੱਜ ਸਮਝਾਵੇ। ਰੱਬਾ ਕੌਣ ਇਹਨਾਂ ਨੂੰ ਅੱਜ ਸਮਝਾਵੇ
ਸੁਣ ਲਉ ਲੋਕੋ ਅੱਜ ਸੱਚ ਦੀ ਪੁਕਾਰ ਕਹਿੰਦਾ ਮੂਰਖ ਤੇਜ ਗਵਾਰ
ਕਦੇ ਨਾ ਪਾਇਓ ਕਿਸੇ ਨਾਲ ਪਿਆਰ ਇਹ ਸਭ ਹੈ ਦੂਨੀਆਂ ਝੂਠੀ
ਪ੍ਰੀਤ ਇਸਦੀ ਹੈ ਸਭ ਝੂਠੀ ਲੋਕੋ ਕਦੇ ਕਿਸੇ ਨਾਲ ਪਿਆਰ ਨਾ ਪਾਇਓ
ਪਾਇਓ ਤਾਂ ਫਿਰ ਤੋੜ ਨਿਭਾਹਿਓ ਪਿਆਰ ਦੀ ਖੇਡ ਹੈ ਬੜੀ ਉਚੀ
ਬੱਸ ਇਹੋ ਚੀਜ ਹੈ ਇਕ ਸੁੱਚੀ ਰੱਬ ਦਾ ਮਾਰਗ ਹੈ ਕਿਹੜਾ
ਉਹੀ ਜਾਣੇ ਇਸਤੇ ਚਲਦਾ ਜਿਹੜਾ ਇਹ ਹੈ ਮਾਰਗ ਔਖਾ ਬੜਾ
ਇਸ ਵਿੱਚ ਹੈ ਜੋਖਮ ਬੜਾ ਇਹ ਹੈ ਸਹਿਣਾ ਔਖਾ ਬੜਾ
ਹੈ ਇਹ ਕੰਮ ਕਿਸੀ ਵਿਰਲੀ ਰੂਹ ਦਾ ਜਿਹੜਾ ਕਰਦਾ ਉਹ ਸੁੱਖ ਪਾਉਦਾ
ਬਾਕੀ ਤਾਂ ਫਿਰ ਆਉਂਦਾ ਜਾਉਦਾ ਸੱਚ ਦੀ ਤਾਂ ਹੈ ਇਹ ਰੀਤ
ਬਾਕੀ ਜੱਗ ਦੀ ਹੈ ਝੂਠੀ ਪ੍ਰੀਤ ਪਾਤਸ਼ਾਹ ਨੇ ਤਾਂ ਕਿਹਾ ਹੈ ਸਾਨੂੰ
ਪਰ-ਅਸੀ ਮੂਰਖ ਮੰਨਦੇ ਕਾਹਨੂੰ ਇਸ ਦੁਨੀਆ ਦੀ ਰੀਤ ਹੈ ਕਿਸ ਤਰ੍ਹਾਂ?
ਪਾਤਸ਼ਾਹ ਸਾਨੂੰ ਸਮਝਾਉਂਦੇ ਨੇ ਇਸ ਤਰ੍ਹਾਂ -

"ਜਗਤ ਮੈਂ ਝੂਠੀ ਦੇਖੀ ਪ੍ਰੀਤ॥ ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ॥੧॥ਰਹਾਉ॥ ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਉ ਚੀਤ॥ ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤ॥੧॥ ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਉ ਨੀਤ॥ ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ॥੧॥੩॥੩੮॥੪੭॥

---

*ਗੁਰੂਆਂ ਦਾ ਸਤਿਯੁਗ (ਸਤਿ ਧਰਮ ਦਾ ਰਾਜ) ਆ ਜਾਣ ਤੇ ਸਮਾਧਾਂ ਦੀ ਪੂਜਾ ਤਥਾ ਗੁੱਗੇ ਦੀਆਂ ਮੜ੍ਹੀਆਂ ਦੀ ਪੂਜਾ ਅਤੇ ਕਰਵਿਆਂ ਦੀ ਪੂਜਾ ਨਹੀਂ ਰਹੇਗੀ। ਕੋਈ ਭੀ ਮਨੁੱਖ ਗੁਰਦੁਆਰੇ ਦੀ ਚਾਰ ਦੀਵਾਰੀ ਅੰਦਰ ਕਿਸੇ ਵੀ ਕਿਸਮ ਦਾ ਕੋਈ ਭੈੜਾ ਨਸ਼ਾ ਨਹੀਂ ਵਰਤ ਸਕੇਗਾ। ਜਿਨ੍ਹਾਂ ਜਿਨ੍ਹਾਂ ਥਾਵਾਂ ਤੇ ਆਦਿ ਗੁਰੂ ਗ੍ਰੰਥ ਸਾਹਿਬ ਨੂੰ ਗੁਪਤ ਕਰ ਦਿਤਾ ਗਿਆ ਹੈ ਉਨ੍ਹਾਂ ਉਨ੍ਹਾਂ ਥਾਵਾਂ ਤੇ ਆਦਿ ਗੁਰੂ ਗ੍ਰੰਥ ਸਾਹਿਬ ਫਿਰ ਸੁਸ਼ੋਭਿਤ ਹੋਣਗੇ। ਆਦਿ ਗੁਰੂ ਗ੍ਰੰਥ ਸਾਹਿਬ ਨਾਲ ਵਿਰੋਧ ਕਰਨੇ ਵਾਲਾ ਕੋਈ ਵੀ ਵਿਅਕਤੀ ਸੁਖੀ ਨਹੀਂ ਰਹਿ ਸਕੇਗਾ। ਮੇਰਾ ਇਹ ਅਨੁਭਵ ਹੈ।*

-ਸਵਾਮੀ ਰਾਮ ਤੀਰਥ ਦੰਡੀ ਸੰਨਿਆਸੀ।


www.AKJ.Org

# ਸਬਦੁ ਗੁਰੂ ਸੁਰਤਿ ਧੁਨਿ ਚੇਲਾ

(ਭਾਈ ਮਦਨ ਸਿੰਘ ਜੀ, 11 ਐਪਾਲੋ-ਵੇ, ਬਰਮਿੰਘਮ-੨੦, 3ND)

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥ ਨਟ ਮ: ੪, (ਪੰਨਾ ੯੮੨)

ਸਿਖ ਪੰਥ ਦੇ ਮਹੱਲ ਦੀ ਉਸਾਰੀ 'ਗੁਰੂ ਗ੍ਰੰਥ' ਅਤੇ 'ਗੁਰੂ-ਪੰਥ' ਦੇ ਦੋ ਥੰਮ੍ਹਾਂ ਤੇ ਕੀਤੀ ਗਈ ਹੈ। ਗੁਰੂ ਕੇਵਲ ਨਿਰੰਕਾਰੀ ਜੋਤਿ ਹੈ, ਅਸਥੂਲ ਕਦੇ ਵੀ ਨਹੀਂ ਮੰਨੀ ਗਈ। ਗੁਰਬਾਣੀ ਵਿਚ ਦਰਜ ਹੈ -

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥ (ਪੰਨਾ ੭੫੯)

ਇਹ ਨਿਰੰਕਾਰੀ ਜੋਤਿ ਇਕ ਜਾਮੇ ਤੋਂ ਅਗਲੇ ਜਾਮੇ ਵਿਚ ਪ੍ਰਵੇਸ਼ ਕਰਦੀ ਰਹੀ। ਅੰਤ ਦਸਮ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਨੇ ਇਹ ਨਿਰੰਕਾਰੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਖੀ। ਉਪਰ ਲਿਖੇ ਖ਼ਿਆਲ ਦੀ ਪੁਸ਼ਟੀ ਮਥਰਾ ਭੱਟ ਜੀ ਕਰਦੇ ਹਨ –

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥ (ਪੰਨਾ ੧੪੦੮)

ਗੁਰੂ ਗੋਬਿੰਦ ਸਾਹਿਬ ਜੀ ਆਪਣੀ ਬਾਣੀ ਬਚਿਤ੍ਰ ਨਾਟਕ ਧਿ:੫ ਵਿਚ ਲਿਖਦੇ ਹਨ ਕਿ ਸਤਿਗੁਰ ਦੀ 'ਨਿਰੰਕਾਰੀ ਜੋਤਿ' ਹੀ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਅੰਦਰ ਵਰਤਦੀ ਰਹੀ। ਫ਼ੁਰਮਾਨ ਹੈ -

ਸ੍ਰੀ ਨਾਨਕ ਅੰਗਦਿ ਕਰਿ ਮਾਨਾ॥ ਅਮਰਦਾਸ ਅੰਗਦ ਪਹਿਚਾਨਾ॥
ਅਮਰਦਾਸ ਰਾਮਦਾਸ ਕਹਾਯੋ॥ ਸਾਧਨਿ ਲਖਾ, ਮੂੜ ਨਹਿ ਪਾਯੋ ॥੯॥
ਰਾਮਦਾਸ ਹਰਿ ਸੋ ਮਿਲ ਗਏ। ਗੁਰਤਾ ਦੇਤ ਅਰਜਨਹਿ ਭਏ॥
ਜਬ ਅਰਜਨ ਪ੍ਰਭ ਲੋਕ ਸਿਧਾਰੇ॥ ਹਰੀ ਗੋਬਿੰਦ ਤਿਹ ਠਾਂ ਠਹਿਰਾਏ॥
ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ॥ ਹਰੀ ਰਾਇ ਤਿਹ ਠਾਂ ਬੈਠਾਰੇ॥
ਹਰਿ ਕ੍ਰਿਸ਼ਨ ਤਿਨ ਕੇ ਸੁਤ ਵਏ॥ ਤਿਨ ਤੇ ਤੇਗ ਬਹਾਦਰ ਭਏ॥ ॥੧੨
ਭਿੰਨ ਭਿੰਨ ਸਭਹੂੰ ਕਰ ਜਾਨਾ॥ ਏਕ ਰੂਪ ਕਿਨਹੂੰ ਪਹਿਚਾਨਾ॥
ਜਿਨ ਜਾਨਾ ਤਿਨ ਹੀ ਸਿਧ ਪਾਈ॥ ਬਿਨ ਸਮਝੇ ਸਿਧ ਹਾਥ ਨ ਆਈ॥੧੦॥

ਅਕਾਲ ਪੁਰਖ ਸਾਰੇ ਪ੍ਰਾਣੀਆਂ ਵਿਚ "ਸਬਦੁ ਗੁਰੂ' ਰੂਪ ਵਿਚ ਭਰਪੂਰ ਹੈ, ਪਰੰਤੂ ਉਸ ਦਾ ਗੁਰੂ ਸਰੂਪ ਅੱਡ ਹੈ। ਭਾਵ ਸਪੱਸ਼ਟ ਹੈ ਕਿ ਗੁਰੂ ਨਾਨਕ ਕਿਸੇ ਦੇਹ ਦਾ ਨਾਮ ਨਹੀਂ, 'ਗੁਰੂ' ਜੋਤਿ ਦਾ ਨਾਮ ਹੈ। ਗੁਰੂ ਵਿਅਕਤੀਆਂ ਅੰਦਰ ਇਕੋ 'ਅਕਾਲੀ ਜੋਤਿ' ਪ੍ਰਵੇਸ਼ ਹੋਣ ਬਾਰੇ 'ਰਾਇ ਬਲਵੰਡ ਤਥਾ ਸਤਾ ਡੂਮ' ਦੀ ਵਾਰ ਵਿਚ ਵੀ ਸਪੱਸ਼ਟ ਸੰਕੇਤ ਮਿਲਦਾ ਹੈ –

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥੨॥ (ਪੰਨਾ ੯੬੬)

ਇਸੇ ਕਰਕੇ ਵਖ ਵਖ ਗੁਰੂ-ਜਾਮਿਆਂ ਅੰਦਰ ਜੋ ਬਾਣੀ ਪਰਗਟ ਹੁੰਦੀ ਰਹੀ, ਉਹ ਸਾਰੀ "ਨਾਨਕ" ਨਾਮ ਦੀ ਮੁਹਰ-ਛਾਪ ਹੇਠ ਹੀ ਉਚਾਰੀ ਗਈ। ਇਹ ਤੱਥ ਸਿਧ ਕਰਦੇ ਹਨ ਕਿ ਗੁਰ-ਮੰਤਰ, ਗੁਰ-ਦੀਖਿਆ ਦੇਣ ਦਾ ਅਧਿਕਾਰ ਅਸਥੂਲ ਸਰੀਰਾਂ ਨੂੰ ਨਹੀਂ, ਸਗੋਂ ਇਹ ਜੁਗਤਿ ਵਰਤਾਉਣ ਲਈ ਗੁਰੂ-ਜਾਮਿਆਂ ਅੰਦਰ ਵਿਆਪ ਰਹੀ 'ਅਕਾਲੀ ਜੋਤਿ' ਹੀ ਹੈ। ਅਕਾਲ ਪੁਰਖ ਵਲੋਂ ਗੁਰ-ਮੰਤਰ ਦੇਣ ਦਾ ਹੱਕ ਗੁਰੂ-ਜੋਤਿ ਨੂੰ ਹੈ, ਨਾ ਕਿ ਕਿਸੇ ਹੱਡ, ਚੰਮ, ਮਾਸ ਦੇ ਮੜ੍ਹੇ ਸਰੀਰ ਨੂੰ।


www.AKJ.Org

ਸ਼ਬਦ ਗੁਰੂ ਸਭ ਪ੍ਰਾਣੀਆਂ ਦੇ ਹਿਰਦੇ ਵਿਚ ਗੁਪਤ ਰੂਪ ਵਿਚ ਵਸਦਾ ਹੈ। ਜਿਹੜੀ ਵੀ ਸੁਰਤ ਉਸ ਤਕ ਪਹੁੰਚ ਜਾਏ, ਉਸ ਨੂੰ ਸਤਿਗੁਰੂ ਆਪਣੇ ਉਪਦੇਸ਼ ਨਾਲ ਨਿਹਾਲ ਕਰਦਾ ਹੈ। ਇਹ ਸ਼ਬਦ-ਗੁਰੂ ਬਾਬੇ ਨਾਨਕ ਦੇ ਹਿਰਦੇ ਵਿਚ ਉਸ ਵੇਲੇ ਵੀ ਸੀ ਜਦੋਂ ਅਕਾਲ ਪੁਰਖ ਨੇ ਆਪਣੀ ਗੁਰੂ-ਜੋਤਿ ਬਾਬਾ ਜੀ ਵਿਚ ਸਥਾਪਤ ਕੀਤੀ। ਜਿਥੇ ਓਅੰਕਾਰ ਜਾਂ ਸਬਦੁ ਘਟ ਘਟ ਵਿਚ ਬਿਰਾਜ ਰਿਹਾ ਹੈ ਉਥੇ ਗੁਰੂ ਕੇਵਲ ਨਿਰੰਕਾਰ ਵਿਚ ਹੀ ਸਮਾਇਆ ਹੋਇਆ ਹੈ। ਉਹ ਗੁਰੂ ਜੋਤਿ ਜੋ ਕੇਵਲ ਨਿਰੰਕਾਰ ਵਿਚ ਹੀ ਸਮਾਈ ਹੋਈ ਹੈ, ਉਹੀ ਗੁਰੂ ਕੇਵਲ ਨਿਰੰਕਾਰ ਨੇ ਬਾਬੇ ਦੀ ਦੇਹ ਵਿਚ ਰਖੀ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਪਾਤਸ਼ਾਹ ਨੇ ਸ਼ਬਦ-ਗੁਰੂ ਨਾਨਕ ਪਾਤਸ਼ਾਹ ਨੇ ਸ਼ਬਦ-ਗੁਰੂ ਦਾ ਸਿਧਾਂਤ ਦਿਤਾ ਤੇ ਇਲਾਹੀ ਬਾਣੀ ਵਿਚ ਸਾਰਥਕ ਰੂਪ ਵਿਚ ਦ੍ਰਿੜ੍ਹਾਇਆ। ਇਸੇ ਸਿਧਾਂਤ ਅਧੀਨ ਗੁਰਬਾਣੀ ਦਾ ਸੰਕਲਿਨ ਹੋਇਆ।

ਗੁਰੂ ਨਾਨਕ ਦੇ ਆਗਮਨ ਸਮੇਂ ਭਾਰਤ ਵਿਚ ਦੋ ਵੱਡੇ ਧਰਮ ਪ੍ਰਚਲਤ ਸਨ। ਦੋਨੋਂ ਹੀ, ਭਾਵ ਹਿੰਦੂ ਅਤੇ ਮੁਸਲਮਾਨ, ਇਕ ਦੂਸਰੇ ਦੇ ਵਿਰੋਧੀ ਤੇ ਆਪੋ ਆਪਣੀ ਧਰਮ-ਫ਼ਿਲਾਸਫ਼ੀ ਨੂੰ ਚੰਗਾ ਚੰਗਾ ਆਖ, ਖਹਿ ਖਹਿ ਮਰ ਰਹੇ ਸਨ। ਰਾਜ ਲੋਭ ਦਾ ਸੀ, ਚੌਕੀਦਾਰੀ ਕਾਮ ਦੀ ਸੀ। ਸਰਦਾਰੀ ਕੂੜ ਦੀ ਸੀ ਅਤੇ ਜਨਤਾ ਅਗਿਆਨਤਾ ਦੇ ਹਨੇਰੇ ਵਿਚ ਫਸੀ ਹੋਈ ਸੀ। ਸੱਚ ਤੇ ਸਦਾਚਾਰ ਕਿਤੇ ਨਜ਼ਰ ਨਹੀਂ ਸੀ ਆਉਂਦਾ। ਧਰਮ ਦੇ ਰਾਖੇ ਠੇਕੇਦਾਰ ਧਰਮ ਨੂੰ ਵੇਚ ਰਹੇ ਸਨ। ਗੱਲ ਕੀ, ਹਰ ਪਾਸੇ ਹਨੇਰਾ ਤੇ ਕੂੜ ਪ੍ਰਧਾਨ ਸੀ। ਗੁਰਵਾਕ-

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥ ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥੨॥੧੧॥ (ਆਸਾ ਦੀ ਵਾਰ)

ਹਿੰਦੂ ਧਰਮ ਕਰਮ-ਕਾਡਾਂ, ਜਾਤ-ਪਾਤ ਤੇ ਮੂਰਤੀ ਪੂਜਾ ਦੀ ਜ਼ਿਲ੍ਹਣ ਵਿਚ ਫਸਿਆ ਪਿਆ ਸੀ। ਭਰਮ-ਭੁਲੇਖਿਆਂ ਵਿਚ ਫਸੀ-ਲੁਕਾਈ ਕੁਰਲਾ ਰਹੀ ਸੀ। ਬਾਂਹ ਫੜਨ ਵਾਲਾ ਕੋਈ ਨਜ਼ਰ ਨਹੀਂ ਸੀ ਆਉਂਦਾ। ਭਾਈ ਗੁਰਦਾਸ ਜੀ ਇਸ ਦਾ ਵਰਨਣ ਵਾਰਾਂ ਵਿਚ ਇਉਂ ਕਰਦੇ ਹਨ-

ਕਿਸੇ ਪੁਜਾਈ ਸਿਲਾ ਸੁੰਨਿ ਕੋਈ ਗੋਰੀ ਮੜੀ ਪੁਜਾਵੈ॥ ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ॥ ਆਪੋ ਧਾਪੋ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ॥ ਕੋਈ ਪੂਜੇ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ॥ ਪਉਣੁ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੈ॥ ਫੋਕਟਿ ਧਰਮੀ ਭਰਮਿ ਭੁਲਾਵੈ ॥੧੮॥ (ਵਾਰ ਪਹਿਲੀ)

ਗੁਰਬਾਣੀ ਨੇ ਨਿਰਣਾ ਕੀਤਾ ਹੈ ਕਿ ਸਾਰੀ ਲੁਕਾਈ ਭੁਲੀ ਫਿਰਦੀ ਹੈ, ਕੇਵਲ ਸਤਿਗੁਰੁ ਹੀ ਜਾਗਤ-ਜੋਤਿ ਪ੍ਰਕਾਸ਼ ਸਰੂਪ ਦੇਵ ਹੈ -

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥ ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥੧॥
ਭੂਲੀ ਮਾਲਨੀ ਹੈ ਏਉ॥ ਸਤਿਗੁਰੁ ਜਾਗਤਾ ਹੈ ਦੇਉ ॥ ਰਹਾਉ॥ (ਪੰਨਾ ੪੭੯)

ਮੁਸਲਮਾਨ ਹਾਕਮ ਉਸ ਸਮੇਂ ਤਾਕਤ ਦੇ ਨਸ਼ੇ ਵਿਚ ਕੁਕਰਮ ਕਰ ਰਹੇ ਸਨ। ਮੋਮਨ ਤੇ ਕਾਫ਼ਰ ਦੇ ਵਿਤਕਰੇ ਪਾ ਕੇ ਮਨ-ਮਾਨੀਆਂ ਕਰ ਰਹੇ ਸਨ। ਗੁਰਬਾਣੀ ਦਾ ਫ਼ੁਰਮਾਨ ਹੈ–

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥੧॥੧੬॥ (ਪੰਨਾ ੧੪੫)
ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥
ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ॥੧॥ (ਪੰਨਾ ੬੫੪)

ਸਮਾਜ ਦੀ ਇਹੋ ਜਹੀ ਦੁਰਦਸ਼ਾ ਵੇਖ ਕੇ ਗੁਰੂ ਬਾਬੇ ਨੂੰ ਤਰਸ ਆਇਆ ਅਤੇ ਅਕਾਲ ਪੁਰਖ ਦੇ ਚਰਨਾਂ ਵਿਚ ਜੋਦੜੀ ਕੀਤੀ :-

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥ ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ॥੧॥੧੦॥ (ਪੰਨਾ ੮੫੩)

ਭਾਈ ਗੁਰਦਾਸ ਜੀ ਦੇ ਲਿਖੇ ਅਨੁਸਾਰ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਲਈ ਗੁਰੂ ਨਾਨਕ


www.AKJ.Org

ਪਾਤਸ਼ਾਹ ਨੇ 'ਸ਼ਬਦ-ਗੁਰੂ' 'ਗੁਰ-ਬਾਣੀ' ਰਾਹੀ ਠੇਡੇ ਖਾਂਦੀ ਲੋਕਾਈ ਨੂੰ ਸੱਚ ਦਾ ਮਾਰਗ ਦਿਖਾਇਆ। ਸਿਧਾਂ ਦੇ ਇਕ ਸਵਾਲ "ਤੇਰਾ ਕਵਣੁ ਗੁਰੂ ਜਿਸ ਕਾ ਤੂੰ ਚੇਲਾ" ਦੇ ਉਤਰ ਵਿਚ ਗੁਰੂ ਬਾਬੇ ਨੇ ਫ਼ੁਰਮਾਇਆ

- ਪਵਨ ਅਰੰਭ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥੪੪॥ (ਪੰਨਾ ੯੪੩)
- ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥
  ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ॥੮॥੧॥ (ਪੰਨਾ ੬੩੫)

ਤਥਾ :– ਸਬਦੁ ਦੀਪਕੁ ਵਰਤੈ ਤਿਹੁ ਲੋਇ ॥੨॥੨॥ (ਪੰਨਾ ੬੬੪)

ਦੂਸਰੇ ਸ਼ਬਦਾਂ ਵਿਚ ਸਾਰੀ ਗੁਰਮਤਿ ਲਹਿਰ ਦਾ ਮੰਤਵ ਸ਼ਬਦ ਨੂੰ ਹੀ ਗੁਰਿਆਈ ਦਿਤੇ ਜਾਣ ਦਾ ਅਧਿਕਾਰ ਸਿਧ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਪੰਜਵੀਂ ਪਾਤਸ਼ਾਹੀ ਨੇ ੧੬੦੪ ਈਸਵੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਗੁਰਬਾਣੀ ਨੂੰ ਉਚਾ ਥਾਂ ਦਿਤਾ ਅਤੇ ਸਤਿਕਾਰ ਵਜੋਂ ਗ੍ਰੰਥ ਸਾਹਿਬ ਦੇ ਨਿਵਾਸ-ਅਸਥਾਨ ਦੇ ਹੇਠ ਆਪਣਾ ਆਸਣ ਰਖਿਆ।

ਇਸ ਗ੍ਰੰਥ ਵਿਚ ਕਿਸੇ ਵੀ ਪ੍ਰਕਾਰ ਦਾ ਜ਼ਾਤ-ਪਾਤ, ਊਚ-ਨੀਚ, ਧਰਮ-ਕਰਮ, ਰੰਗ-ਰੂਪ, ਨਸਲ ਤੇ ਦੇਸ਼ ਬਦੇਸ਼ ਦਾ ਵਿਤਕਰਾ ਨਹੀਂ। ਇਸ ਗ੍ਰੰਥ ਵਿਚ ਸਤਿਗੁਰਾਂ ਦੀ ਬਾਣੀ ਤੋਂ ਇਲਾਵਾ ਸੰਤ-ਕਵੀਆਂ, ਸੂਫੀ ਫ਼ਕੀਰਾਂ ਤੇ ਭੱਟਾਂ ਦੀ ਰਚਨਾ ਨੂੰ ਵੀ ਸਮਾਨ ਦਰਜਾ ਦਿਤਾ ਗਿਆ, ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਵਿਸ਼ਵ ਮਨੁੱਖਤਾ ਦੇ ਪ੍ਰਤੀਨਿਧ ਸਮਝਿਆ ਜਾਣਾ ਹੀ ਯੋਗ ਹੈ। ਭਾਰਤ ਦੇ ਪ੍ਰਸਿਧ ਫ਼ਿਲਾਸਫ਼ਰ ਤੇ ਸਾਬਕਾ ਰਾਸ਼ਟਰਪਤੀ ਡਾ: ਰਾਧਾ ਕ੍ਰਿਸ਼ਨਨ ਦੇ ਲਫ਼ਜ਼ਾਂ ਵਿਚ "ਸ੍ਰੀ ਗੁਰੂ ਗ੍ਰੰਥ ਸਾਰੇ ਪੀਰਾਂ-ਪੈਗੰਬਰਾਂ ਦੀ ਜੀਉਂਦੀ ਜਾਗਤੀ ਆਵਾਜ਼ ਹਨ ।"
ਸ੍ਰੀ ਗੁਰੂ ਅਮਰਦਾਸ ਜੀ ਦੇ ਸਿਰੀ ਰਾਗ ਵਿਚਲੇ ਹੁਕਮ ਅਨੁਸਾਰ "ਗੁਰਬਾਣੀ ਇਸੁ ਜਗ ਮਹਿ ਚਾਨਣੁ" (ਪੰਨਾ ੬੭) ਹੈ।

ਗੁਰਬਾਣੀ ਸੰਸਾਰ ਲਈ ਚਾਨਣ-ਮੁਨਾਰਾ ਹੈ। ਇਹ ਰਾਹ ਤੋਂ ਖੁੰਝੇ ਪਾਂਧੀ ਨੂੰ ਗਡੀ-ਰਾਹ ਤੇ ਲਿਆਉਂਦਾ ਹੈ ਅਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾਉਂਦੀ ਹੈ।

ਦੁਨੀਆ ਵਿਚਲੇ ਸਭ ਧਾਰਮਿਕ ਗ੍ਰੰਥਾਂ ਦੀ ਪਰੰਪਰਾ ਆਪੋ ਆਪਣੀ ਹੈ। ਗੁਰੂ ਗ੍ਰੰਥ ਸਾਹਿਬ ਦੀ ਵਿਸ਼ੇਸ਼ਤਾ ਤੇ ਨਿਰਾਲੇਪਣ ਬਾਰੇ ਮਿਸਟਰ ਮੈਕਾਲਿਫ਼ ਆਪਣੀ ਪ੍ਰਸਿਧ ਪੁਸਤਕ **Sikh Religion** (ਸਿੱਖ-ਰੀਲੀਜਨ) ਵਿਚ ਲਿਖਦਾ ਹੈ "ਸਿਧਾਂਤਾ ਦੀ ਪ੍ਰਮਾਣਿਕਤਾ ਦੇ ਪੱਖ ਤੋਂ ਸਿੱਖ-ਮੱਤ ਦੂਜੇ ਮੱਤਾਂ ਨਾਲੋਂ ਨਿਰਾਲਾ ਹੈ। ਸੰਸਾਰ ਦੇ ਬਹੁਤ ਸਾਰੇ ਧਾਰਮਿਕ ਮਹਾਂ ਪੁਰਸ਼ ਆਪਣੇ ਪਿੱਛੇ ਸ੍ਵੈ-ਰਚਿਤ ਇਕ ਵੀ ਸਤਰ ਨਹੀਂ ਛਡ ਗਏ। ਅਸੀਂ ਉਨ੍ਹਾਂ ਦੀ ਸਿਖਿਆ ਕੇਵਲ ਰਵਾਇਤਾ ਜਾਂ ਦੂਜਿਆਂ ਵਲੋਂ ਦਿਤੀ ਜਾਣਕਾਰੀ -ਆਸਰੇ ਹੀ ਜਾਣਦੇ ਹਾਂ, ਲੇਕਿਨ ਸਿਖ-ਸਤਿਗੁਰਾਂ ਦੀ ਬਾਣੀ ਉਹਨਾਂ ਖ਼ੁਦ ਸੰਭਾਲੀ। ਉਹਨਾਂ ਜਿਵੇਂ ਬੰਦਾ-ਬੰਦੀ ਵਿਚ ਰਚੀ ਉਵੇਂ ਜਿਵੇਂ ਸ਼ੁਧ ਰੂਪ ਵਿਚ ਮੌਜੂਦ ਹੈ।"
ਦੁਨੀਆਂ ਦਾ ਪ੍ਰਸਿਧ ਲਿਖਾਰੀ ਤੇ ਫ਼ਿਲਾਸਫ਼ਰ ਡਾ: ਬਰਨਾਰਡ ਸ਼ਾਅ ਗੁਰਬਾਣੀ ਦਾ ਅਧਿਐਨ ਕਰਨ ਬਾਅਦ ਲਿਖਦਾ ਹੈ : "ਸਿੱਖੀ ਇਕ ਸਰਬ-ਵਿਆਪਕ ਅਥਵਾ ਸੰਪੂਰਨ ਜਗਤ-ਧਰਮ ਹੈ, ਜੋ ਮਨੁੱਖ ਮਾਤਰ ਨੂੰ ਸਮਾਨਤਾ ਦਾ ਸੰਦੇਸ਼ ਦਿੰਦਾ ਹੈ। ਇਹ ਗੱਲ ਦੀ ਗੁਰਬਾਣੀ ਵਿਚ ਰੱਜ ਕੇ ਵਿਆਖਿਆ ਕੀਤੀ ਗਈ ਹੈ। ਸਿੱਖਾਂ ਨੂੰ ਇਉਂ ਨਹੀਂ ਸੋਚਣਾ ਚਾਹੀਦਾ ਕਿ ਸਿੱਖ ਇਕ ਹੋਰ ਚੰਗਾ ਧਰਮ ਹੈ, ਸਗੋਂ ਇਸ ਦੇ ਉਲਟ ਇਉਂ ਸੋਚਣਾ ਚਾਹੀਦਾ ਹੈ ਕਿ ਕੇਵਲ ਸਿੱਖੀ ਹੀ ਨਵੇਂ ਯੁਗ ਦਾ ਧਰਮ ਹੈ। ਇਹ ਪੂਰਨ ਤੌਰ ਤੇ ਪੁਰਾਣੇ ਮਤਾਂ ਦੀ ਥਾਂ ਮਲਦਾ ਹੈ। ਸਚਾਈ ਇਹ ਹੈ ਕਿ ਸਿੱਖ ਧਰਮ ਵਰਤਮਾਨ ਮਨੁੱਖ ਦੀਆਂ ਉਲਝਣਾਂ ਦਾ ਵਾਹਦ ਹੱਲ ਹੈ ਤੇ ਪ੍ਰਸ਼ਨਾਂ (ਸੰਸਿਆਂ) ਦਾ ਉਤਰ ਹੈ।"

ਗੁਰਬਾਣੀ ਤੇ ਸਾਇੰਸ ਕਈ ਪੱਖਾਂ ਤੇ ਵਖ ਵਖ ਜਾਪਦੀ ਹੈ। ਸਾਇੰਸ ਭਾਵੇਂ ਅੰਤਾਂ ਦੀ ਖੋਜ ਕਰ ਕੇ ਸਿਖਰਾਂ ਤੇ ਪੁਜੀ ਦਿਸਦੀ ਹੈ, ਪਰੰਤੂ ਉਹ ਅਜੇ ਤਕ ਗੁਰਬਾਣੀ ਦੇ ਅਥਾਹ ਸਮੁੰਦਰ ਦਾ ਪਾਰਾਵਾਰ ਨਹੀਂ ਪਾ ਸਕੀ, ਮਿਸਾਲ ਦੇ ਤੇ ਤੌਰ ਜਪੁਜੀ ਵਿਚ ਵੇਖੋ।

- ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ .....॥੧੬॥
- ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ......॥੩੬॥
- ਤਿਥੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤ ਅੰਤ ਨ ਅੰਤ॥ ਤਿਥੈ ਲੋਅ ਲੋਅ ਆਕਾਰ.... ॥੩੭॥
- ਪਾਤਾਲਾ ਪਾਤਾਲ ਲਖ ਆਗਾਸਾ ਆਗਾਸ .... ॥੨੨॥ ਜਪੁਜੀ ਸਾਹਿਬ

ਅਤੇ ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ .... (੬੧੨)

ਅਤੇ ਸਾਇੰਸ ਨੂੰ ਹੋਰ ਧਰਤੀਆਂ, ਚੰਦਰਮਾਂ, ਸੂਰਜਾਂ ਆਦਿ ਸਿਤਾਰਿਆਂ ਦੀ ਹੋਂਦ ਨੂੰ ਮੰਨਣਾ ਪਿਆ ਤੇ ਇਹ ਗਿਆਨ ਗੁਰੂ ਗ੍ਰੰਥ ਸਾਹਿਬ ਦੀ ਖੋਜ ਕੀਤਿਆਂ ਹੀ ਪ੍ਰਾਪਤ ਹੋ ਸਕਦਾ ਹੈ। ਹਜ਼ਾਰਾਂ ਹੀ ਸਾਲਾਂ ਤੋਂ ਸਾਇੰਸ ਇਸ ਥਿਊਰੀ ਤੇ ਪਹਿਰਾ ਦਿੰਦੀ ਆ ਰਹੀ ਸੀ ਕਿ ਸੂਰਜ ਖਲੋਤਾ ਹੈ ਅਤੇ ਧਰਤੀ ਤੇ ਚੰਦ, ਸੂਰਜ ਦੇ ਦੁਆਲੇ ਘੁੰਮਦੇ ਹਨ। ਇਸ ਗੇੜ ਕਾਰਨ ਦਿਨ-ਰਾਤ ਬਣਦੇ ਹਨ, ਰੁਤਾਂ ਫਿਰਦੀਆਂ ਹਨ ਤੇ ਚੰਦ ਗ੍ਰਹਿਣ ਅਤੇ ਸੂਰਜ ਗ੍ਰਹਿਣ ਲਗਦਾ ਹੈ। ਪਰ ਗੁਰਬਾਣੀ ਇਸ ਤੱਥ ਨੂੰ ਸਪੱਸ਼ਟ ਕਰਦੀ ਹੈ ਕਿ :-

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ ॥੧॥੪॥ (ਪੰਨਾ ੪੬੪)

ਆਦਿ ਗੁਰੂ ਗ੍ਰੰਥ ਸਾਹਿਬ ਦੀ ਇਲਾਹੀ ਬਾਣੀ ਉਚੀ ਭਾਂਤ ਦੀ ਰਹੱਸਵਾਦੀ, ਸੁਰੀਲੀ, ਰਸੀਲੀ, ਜੀਵਨ-ਦਾਤੀ, ਦੈਵੀ ਕਾਵਿ ਹੈ। ਇਸ ਦਾ ਵਿਸ਼ਾ-ਵਸਤੂ ਹੈ ਸਚੁ, ਕੇਵਲ ਸਚੁ ਤੇ ਪਰਮ ਸਚੁ। ਰਾਗ-ਬੱਧ ਹੋਣ ਕਰਕੇ ਪ੍ਰਾਣੀ ਮਾਤਰ ਲਈ ਹੋਰ ਵੀ ਵਧੇਰੇ ਖਿਚ ਦਾ ਕਾਰਨ ਬਣ ਰਹੀ ਹੈ। ਇਹ ਲੋਕ-ਧਾਰਨਾ ਦੇ ਆਦਰਸ਼ਾਂ ਅਤੇ ਵੰਨ-ਸਵੰਨੇ ਰੂਹਾਨੀ ਗੀਤਾਂ ਦੀ ਪਟਾਰੀ ਹੈ।

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਨੰਦੇੜ ਵਿਖੇ ੧੭੦੮ ਈਸਵੀ ਨੂੰ "**ਪੋਥੀ ਪਰਮੇਸਰ** ਕਾ ਥਾਨੁ" ॥ ... ਪੰਨਾ ੧੨੨੬ ਭਾਵ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਤੇ ਸਸ਼ੋਭਤ ਕੀਤਾ। ਸਰੂਪ ਦਾਸ ਭੱਲਾ ਕਰਤਾ 'ਮਹਿਮਾ ਪ੍ਰਕਾਸ਼' ਅਨੁਸਾਰ ਦਸਮੇਸ਼ ਜੀ ਨੇ ਆਪਣੇ ਸਿੱਖਾਂ ਨੂੰ ਹੁਕਮ ਕੀਤਾ ਕਿ "ਗੁਰੂ ਗ੍ਰੰਥ ਦਾ ਪਾਠ ਮੇਰੇ ਸਾਥ ਬਾਤ ਕਰਨ ਸਮਾਨ ਹੈ। ਮੇਰੀ ਆਤਮਾ ਗ੍ਰੰਥ ਸਾਹਿਬ ਵਿਚ ਅਤੇ ਸਰੀਰ ਪੰਥ ਵਿਚ ਹੋਵੇਗਾ।"

ਇਹ ਅਟੱਲ ਸਚਾਈ ਹੈ ਕਿ ਗੁਰਬਾਣੀ ਅਕਾਲ ਪੁਰਖ ਵਲੋਂ ਭੇਜੀ ਹੋਈ ਸਤਿਗੁਰਾਂ ਦੁਆਰਾ ਪਰਗਟ ਹੋਈ ਹੈ ਅਤੇ ਗੁਰਸਿਖ-ਪੁਤਰਾਂ ਲਈ ਸਤਿਗੁਰਾਂ ਜੀ ਦਾ ਫੁਰਮਾਨ ਹੈ --

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥੨॥੧੪॥ (ਪੰਨਾ ੩੦੮)

ਕਾਸ਼ । ਅਸੀਂ ਨਾਮ-ਧਰੀਕ ਸਿਖ ਇਸ ਸਚਾਈ ਨੂੰ ਪੱਲੇ ਬੰਨ੍ਹ ਕੇ ਆਪਣੀਆਂ ਨਿੱਜੀ ਤੇ ਪੰਥਕ ਔਕੜਾਂ ਦਾ ਹੱਲ ਲਭਦੇ। ਇਹ ਗੁਰਬਾਣੀ ਹੀ ਹੈ ਜੋ ਮਨੁੱਖ ਦੇ ਜੀਵਨ ਦੇ ਸਾਰੇ ਪੱਖ ਇਕ-ਸਮਾਨ ਉਸਾਰਦੀ, ਉਭਾਰਦੀ ਤੇ ਉਸ ਨੂੰ ਸਹਿਜ ਮਾਰਗ ਦਾ ਪਾਂਧੀ ਬਣਾਉਂਦੀ ਹੈ, ਜਦ ਕਿ ਹੋਰ ਧਰਮ ਜੀਵਨ ਦੀ ਇਕ-ਪੱਖੀ ਉਸਾਰੀ ਹੀ ਕਰਦੇ ਹਨ। ———

(ਪੰਨਾ ੨੦ ਦਾ ਬਾਕੀ..)

ਅਛਤ ਰਾਜ ਬਿਛੁਰਤ ਦੁਖੁ ਪਾਇਆ, ਸੋ ਗਤਿ ਭਈ ਹਮਾਰੀ। (ਪੰਨਾ ੬੫੭)

ਜੇ ਗੁਰੂ ਕੇ ਸਿੱਖ ਦਾ ਗੁਰੂ ਸਾਹਿਬ ਉਤੇ ਪੂਰਨ ਵਿਸ਼ਵਾਸ ਹੈ, ਤਾਂ ਸਿੱਖ ਰਾਜਾ ਹੈ, ਭਾਵ-ਪਾਤਸ਼ਾਹ ਦਾ ਪਾਤਸ਼ਾਹ ਹੈ, ਕਿਉਂਕਿ ਗੁਰੂ ਜੀ ਨੇ ਆਪਣੇ ਸਿੱਖ ਨੂੰ ਗੁਰਬਾਣੀ ਰਾਹੀਂ ਪਰਮੇਸ਼ਰ ਦੀ ਸਿਫਤ ਸਲਾਹ ਬਖਸ਼ੀ ਹੈ। ਜਿਸਨੂੰ ਵਾਹਿਗੁਰੂ ਦੀ ਸਿਫਤ ਸਲਾਹ ਕਰਨੀ ਆ ਜਾਵੇ ਉਹੀ ਪਾਤਸ਼ਾਹ ਦਾ ਪਾਤਸ਼ਾਹ ਹੈ :

ਜਿਸਨੋ ਬਖਸੇ ਸਿਫਤਿ ਸਾਲਾਹ, ਨਾਨਕ ਪਾਤਸਾਹੀ ਪਾਤਿਸਾਹੁ। (ਜਪੁਜੀ)

ਪ੍ਰਭੂ ਦੀ ਸਿਫਤ ਸਲਾਹ, ਪ੍ਰਭੂ ਦੀਆਂ ਵਡਿਆਈਆਂ ਦੀ ਵਿਚਾਰ ਅਤੇ ਨਾਮ ਸਿਮਰਨ ਨਾਲ ਮਾਇਆ ਦੀ ਨੀਂਦਰ ਵਿਚ ਸੁਤਾ ਹੋਇਆ ਮਨ ਜਾਗ ਪੈਂਦਾ ਹੈ, ਉਹ ਆਪਣੇ ਅਸਲੇ ਪ੍ਰਭੂ-ਪਰਮਾਤਮਾ ਨਾਲ ਜੁੜ ਕੇ ਆਤਮਕ ਅਨੰਦ ਪ੍ਰਾਪਤ ਕਰਦਾ ਹੈ, ਜਿਸਦੇ ਸਾਹਮਣੇ ਦੁਨਿਆਵੀ ਸੁਖ ਅਤੇ ਪਦਾਰਥਾਂ ਦੇ ਰਸ ਬਹੁਤ ਫਿਕੇ ਜਾਪਦੇ ਹਨ। ਪ੍ਰਭੂ ਦੇ ਗੁਣ-ਗਾਇਨ ਨਾਲ ਖੀਵਾ ਹੋਇਆ ਮਨ, ਜਿਥੇ ਆਪ ਵਿਸਮਾਦ (ਆਤਮਕ ਖੇੜੇ) ਵਿਚ ਰਹਿੰਦਾ ਹੈ, ਉਥੇ ਸਮਾਜ ਵਿਚ ਹੀ ਖੁਸ਼ੀਆਂ ਵੰਡਦਾ ਹੈ। ਬਾਕੀ ਸਭ ਜੀਵਾਂ ਵਿਚ ਇਕ ਪ੍ਰਭੂ ਦੀ ਜੋਤ ਨੂੰ ਮਹਿਸੂਸ ਕਰਦਾ ਹੋਇਆ, ਉਨ੍ਹਾਂ ਦੀ ਸੇਵਾ ਵਿਚ ਜੁਟ ਜਾਂਦਾ ਹੈ, ਉਸਦੇ ਅੰਦਰੋਂ ਆਪਣੇ ਪਰਾਏ ਦਾ ਭਾਵ ਖਤਮ ਹੋ ਜਾਂਦਾ ਹੈ। ਇੰਝ ਉਸਦੇ 'ਲੋਕ' ਅਤੇ 'ਪਰਲੋਕ' ਦੋਵੇਂ ਸੰਵਰ ਜਾਂਦੇ ਹਨ। ▪▪▪


www.AKJ.Org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾ ਕਰਵਾ ਕੇ ਰਸੀਦ ਲਓ ਜੀ।

1.ਲੁਧਿਆਣਾ:- (ੳ) ਮੁੱਖ ਦਫ਼ਤਰ ਸੂਰਾ ਕੋਠੀ ਨੰ: ੧੨ ਬਲਾਕ ਆਈ ਭਾਈ ਰਣਧੀਰ ਸਿੰਘ ਨਗਰ।
(ਅ) ਸਬ-ਆਫ਼ਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ। ਫੋਨ 428194
(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸ਼ਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ ਲੁਧਿਆਣਾ। ਫੋਨ 730604
(ਸ) ਸ੍: ਇਕਬਾਲ ਸਿੰਘ ਜੀ ਖਾਲਸਾ ਸ਼ਾਲਜ਼ ਮੋਚਪੁਰਾ ਬਜ਼ਾਰ ਲੁਧਿਆਣਾ।

੨.ਫਗਵਾੜਾ:- ਮਾਸਟਰ ਗੁਰਦਿਆਲ ਸਿੰਘ ਜੀ ਵਿਸ਼ਵਕਰਮਾ ਕਲੋਨੀ ਨੇੜੇ ਵਿਸ਼ਵਕਰਮਾ ਮੰਦਰ ਬੰਗਾ ਰੋਡ ਫਗਵਾੜਾ। ਟੈਲੀਫੋਨ 68307

3.ਚੰਡੀਗੜ੍ਹ ਤੇ ਮੋਹਾਲੀ :-ਭਾਈ ਫੌਜਿੰਦਰ ਸਿੰਘ ਜੀ 532/3-ਏ ਮੋਹਾਲੀ ਟੈਲੀਫੋਨ:260569

4.ਕਪੂਰਥਲਾ :- ਭਾਈ ਚਰਨਪਾਲ ਸਿੰਘ, ਸਿੰਘ ਆਰਟਸ ਨੇੜੇ ਸਟੇਟ ਗੁਰਦੁਆਰਾ ਸਾਹਿਬ।

5.ਖਰੜ, ਮੋਰਿੰਡਾ :- ਭਾਈ ਅਜੀਤ ਸਿੰਘ ਜੀ, ਮਕਾਨ ਨੰਬਰ 214, ਵਾਰਡ ਨੰ:4, ਚੰਡੀਗੜ੍ਹ ਰੋਡ, ਮੁੰਡੀ ਖਰੜ। ਟੈਲੀਫੋਨ 01888-46036

6.ਅੰਮ੍ਰਿਤਸਰ :- 1. ਭਾਈ ਸਤਨਾਮ ਸਿੰਘ ਜੀ ਪਿੰਡ ਚਾਚੋਵਾਲੀ ਡਾਕਖਾਨਾ ਜੈਂਤੀਪੁਰਾ
੨. ਭਾਈ ਭੁਪਿੰਦਰ ਸਿੰਘ ਜੀ 4969 ਅਜ਼ਾਦ ਨਗਰ ਨੇੜੇ ਟਿਊਬਵੈਲ ਤਾਰਾ ਸਿੰਘ ਕੋਟ ਖਾਲਸਾ ਅੰਮ੍ਰਿਤਸਰ।

7.ਯਮੁਨਾਨਗਰ :- ਭਾਈ ਇਕਬਾਲ ਸਿੰਘ ਜੀ 536 ਲੋਹਾਰਾ ਗਲੀ ਜਗਾਧਰੀ।

8.ਫਿਰੋਜ਼ਪੁਰ :- ਭਾਈ ਬਲਵਿੰਦਰ ਸਿੰਘ ਹੱਟਾ ਨੰਬਰ 48 ਬਜ਼ਾਰ ਨੰ: 1 ਫਿਰੋਜ਼ਪੁਰ ਛਾਉਣੀ।

9.ਪਠਾਨਕੋਟ :- ਸ੍: ਹਰਬੰਸ ਸਿੰਘ ਜੀ M.E.S. ਪਠਾਨਕੋਟ

10.ਅੰਬਾਲਾ :- ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ।
੨.ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਟ ਬਲਦੇਵ ਨਗਰ ਅੰਬਾਲਾ ਸ਼ਹਿਰ।

11.ਬਠਿੰਡਾ :- ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ ਮਕਾਨ ਨੰ : 7919 ਨੇੜੇ ਡੰਗਰਾਂ ਦਾ ਹਸਪਤਾਲ

12.ਧੂਰੀ :- ਮਾਸਟਰ ਹਰਭਜਨ ਸਿੰਘ ਜੀ ਜਨਤਾ ਨਗਰ ਨੇੜੇ ਵੀਨਸ ਗੈਸ ਏਜੰਸੀ ਧੂਰੀ।

13.ਪਾਉਂਟਾ ਸਾਹਿਬ :- ਭਾਈ ਪਰਮਜੀਤ ਸਿੰਘ ਜੀ ਗੁਰੂ ਰਾਖਾ ਇੰਟਰਪ੍ਰਾਇਜ਼ਿਜ਼ ਪਾਉਂਟਾ ਸਾਹਿਬ।

14.ਇੰਗਲੈਂਡ :- ਭਾਈ ਹਰਦੀਪ ਸਿੰਘ ਜੀ 218 Wexhan Road Slough Berks SL2 5JP
Tel 01753-530624

15.ਅਮਰੀਕਾ :- ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ: 18007226212

16.ਕੈਨੇਡਾ :- ਭਾਈ ਰਿਪੁਦਮਨ ਸਿੰਘ ਮਲਿਕ ਟੈਲੀਫੋਨ 18006630224

17.ਅਸਟ੍ਰੇਲੀਆ :- ਭਾਈ ਪਰਸ਼ੋਤਮ ਸਿੰਘ ਜੀ ਫੋਨ 0061-69634841

18.ਨਿਊਜ਼ੀਲੈਂਡ :- ਭਾਈ ਮਹਿੰਦਰ ਸਿੰਘ ਜੀ ਫੋਨ 092702755

19.ਸਰਹੰਦ :- ਸ੍: ਰੁਪਿੰਦਰ ਸਿੰਘ ਜੀ ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ ਸਿਨੇਮਾ ਰੋਡ ਸਰਹੰਦ ਜ਼ਿਲਾ ਫਤਹਿਗੜ੍ਹ ਸਾਹਿਬ ਟੈਲੀਫੂਨ 01763-20760

**ਜ਼ਰੂਰੀ ਨੋਟ :-** *ਉਪਰ ਲਿਖੇ ਸੇਵਾਦਾਰਾਂ ਤੋਂ ਇਲਾਵਾ ਸੂਰਾ ਵਾਸਤੇ ਕੋਈ ਵੀ ਮਾਇਆ ਕੇਵਲ ਸੂਰਾ ਲੁਧਿਆਣਾ ਦੇ ਦਫ਼ਤਰ ਵਿਚ ਹੀ ਭੇਜੋ ਜੀ। ੨. ਸੂਰਾ ਵਾਸਤੇ ਚੈਕ, ਡਰਾਫਟ ਆਦਿ ਕੇਵਲ ਸੂਰਾ ਮੰਥਲੀ ਲੁਧਿਆਣਾ ਦੇ ਨਾਮ ਹੀ ਭੇਜੋ ਜੀ। 3. ਬਾਕੀ ਸ਼ਹਿਰਾਂ ਵਿਚੋਂ ਸੂਰਾ ਦੀ ਸੇਵਾ ਕਰਨ ਦੇ ਚਾਹਵਾਨ ਸੱਜਣ ਸੂਰਾ ਦਫ਼ਤਰ ਨਾਲ ਜਲਦੀ ਸੰਪਰਕ ਕਰੋ ਜੀ। ਤਾਂਕਿ ਉਹਨਾਂ ਦੇ ਨਾਮ ਵੀ ਆਉਂਦੇ ਪਰਚੇ ਵਿਚ ਛਾਪੇ ਜਾ ਸਕਣ।*

ਦਾਸਰਾ-ਸੰਪਾਦਕ


www.AKJ.Org

# ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਬਾਰੇ ਜਾਣਕਾਰੀ

(ਲੜੀ ਜੋੜਨ ਲਈ ਸੂਰਾ ਸਤੰਬਰ ਅੰਕ ਦੇਖੋ)

(ਸ੍ਰ. ਸਰੂਪ ਸਿੰਘ ਅਲਗ)

17. ਰਾਗੁ ਗੋਂਡ ਪੰਨਾ 859 ਤੋਂ 875 ਤਕ

ਦੁਪਹਿਰ ਵੇਲੇ ਗਾਉਣ ਵਾਲਾ ਰਾਗ ਗੋਂਡ ਸੰਪੂਰਣ ਜਾਤੀ ਦਾ ਰਾਗ ਹੈ। ਸੰਗੀਤ ਸ਼ਾਸਤਰੀ ਇਸ ਨੂੰ ਘਟ ਪਰਚਲਤ ਰਾਗਾਂ ਵਿਚ ਗਿਣਦੇ ਹਨ। ਜੇਕਰ ਦਿਨ ਨੂੰ ਬਿਲਾਵਲੁ ਰਾਗ ਨਾਲ ਰਲਾ ਕੇ ਗਾਇਆ ਜਾਵੇ ਤਾਂ ਹੋਰ ਵੀ ਮਧੁਰ ਹੋ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ 15 ਭਗਤ ਸਾਹਿਬਾਨ ਦੀ ਬਾਣੀ ਦਰਜ ਹੈ। ਉਨ੍ਹਾਂ ਵਿਚੋਂ ਕੇਵਲ ਕਬੀਰ ਜੀ, ਨਾਮਦੇਵ ਜੀ ਅਤੇ ਰਵਿਦਾਸ ਜੀ ਨੇ ਹੀ ਇਸ ਰਾਗ ਦਾ ਉਪਯੋਗ ਕੀਤਾ ਹੈ।

ਵੰਨਗੀ

ਕਰਿ ਨਮਸਕਾਰ ਪੂਰੇ ਗੁਰਦੇਵ॥ ਸਫਲ ਮੂਰਤਿ ਸਫਲ ਜਾਕੀ ਸੇਵ
ਅੰਤਰਜਾਮੀ ਪੁਰਖੁ ਬਿਧਾਤਾ॥ ਆਠ ਪਹਰ ਨਾਮ ਰੰਗਿ ਰਾਤਾ
ਗੁਰੁ ਗੋਬਿੰਦ ਗੁਰੂ ਗੋਪਾਲ॥ ਅਪਨੇ ਦਾਸ ਕਉ ਰਾਖਨਹਾਰ -ਰਹਾਉ (ਪੰਨਾ - 869)

18. ਰਾਗੁ ਰਾਮਕਲੀ (ਪੰਨਾ 876 ਤੋਂ 974 ਤਕ)

"ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ॥
ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ॥" (ਪੰਨਾ - 950)

ਰਾਮਕਲੀ ਰਾਗ ਨੂੰ ਗਾਉਣਾ ਤਦ ਹੀ ਜਚਦਾ ਹੈ ਜੇ ਕਰ ਹਿਰਦੇ ਵਿਚ ਰਾਮ ਵਸ ਜਾਵੇ। ਇਹ ਰਾਗ ਰਾਮ ਨੂੰ ਰੀਝਾਣ ਲਈ ਹੈ ਜੋ ਕਰੁਣਾ ਪੈਦਾ ਕਰਦਾ ਹੈ। ਗੁਰੂ ਅਮਰਦਾਸ ਜੀ ਨੇ "ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ" ਨਾਲ ਪ੍ਰਾਰੰਭ ਹੋਣ ਵਾਲੀ ਆਪਣੀ ਨਾਮਵਰ ਬਾਣੀ 'ਅਨੰਦ ਸਾਹਿਬ' ਰਾਮਕਲੀ ਰਾਗ ਵਿਚ ਲਿਖ ਕੇ ਇਸ ਰਾਗ ਨੂੰ ਗੁਰਬਾਣੀ ਪ੍ਰੇਮੀਆਂ ਦਾ ਹਮਨਿਵਾ ਬਣਾ ਦਿਤਾ ਹੈ। ਇਸ ਦਾ ਗਾਉਣ ਦਾ ਸਮਾਂ ਸੂਰਜ ਚੜ੍ਹਨ ਤੋਂ ਲੈ ਕੇ ਪਹਿਲੇ ਪਹਿਰ ਤਕ ਦਾ ਹੈ।

ਰੈਣਿ ਦਿਨਸੁ ਜਪਉ ਹਰਿ ਨਾਉ॥ ਆਗੈ ਦਰਗਹ ਪਾਵਉ ਥਾਉ॥
ਸਦਾ ਅਨੰਦੁ ਨ ਹੋਵੀ ਸੋਗੁ॥ ਕਬਹੂ ਨ ਬਿਆਪੈ ਹਉਮੈ ਰੋਗੁ॥ ਖੋਜਹੁ ਸੰਤਹੁ ਹਰਿ ਬ੍ਰਹਮ ਗਿਆਨੀ॥
ਬਿਸਮਨ ਬਿਸਮ ਭਏ ਬਿਸਮਾਦਾ ਪਰਮਗਤਿ ਪਾਵਹਿ ਹਰਿ ਸਿਮਰਿ ਪਰਾਨੀ॥੧॥ -ਰਹਾਉ॥
ਗਨਿ ਮਿਨਿ ਦੇਖਹੁ ਸਗਲ ਬੀਚਾਰਿ॥ ਨਾਮ ਬਿਨਾ ਕੋ ਸਕੈ ਨ ਤਾਰਿ॥
ਸਗਲ ਉਪਾਵ ਨ ਚਾਲਹਿ ਸੰਗਿ॥ ਭਵਜਲੁ ਤਰੀਐ ਪ੍ਰਭ ਕੈ ਰੰਗਿ॥ (ਪੰਨਾ - 893)

19. ਰਾਗੁ ਨਟ ਨਾਰਾਇਨ (ਪੰਨਾ 975 ਤੋਂ 983 ਤਕ)

ਸੋਮੇਸ਼ਵਰ ਸੰਗੀਤ ਦੀ ਧਾਰਨਾ ਅਨੁਸਾਰ ਇਹ ਛੇ ਰਾਗਾਂ ਵਿਚ ਹੈ ਅਤੇ ਨਟ, ਬਿਲਾਵਲ ਅਤੇ ਕਲਿਆਣ ਦੇ ਸੁਮੇਲ ਤੋਂ ਬਣਦਾ ਹੈ। ਇਹ ਸੰਪੂਰਣ ਜਾਤੀ ਦਾ ਰਾਗ ਹੈ ਤੇ ਸਾਰੇ ਸ਼ੁਧ ਸਵਰ ਹਨ। ਇਹ ਮਤ ਵੀ ਹੈ ਨਟ ਨਰਾਇਣ, ਨਟ ਰਾਗ ਦਾ ਹੀ ਰੂਪ ਹੈ।

ਭਾਈ ਕਾਹਨ ਸਿੰਘ ਜੀ ਨਾਭਾ ਅਨੁਸਾਰ ਦਸਮ ਗ੍ਰੰਥ ਵਿਚ ਇਸ ਦਾ ਨਾਂ ਨਟ ਨਾਇਕ ਵੀ ਹੈ। ਸੁਭਾ ਅਨੁਸਾਰ ਇਹ ਰਾਗ ਕਾਹਲਗੀ ਵਾਲਾ ਪਰ ਖੁਸ਼ੀ ਵਾਲਾ ਹੈ ਤੇ ਕਲਿਆਣਕਾਰੀ ਰੁਚੀਆਂ ਵੀ ਰਖਦਾ ਹੈ। ਗੁਰੂ ਗ੍ਰੰਥ ਸਾਹਿਬ ਦੇ 36 ਰਚੇਤਾ ਮਹਾਂ ਪੁਰਸ਼ਾਂ ਵਿਚੋਂ ਕੇਵਲ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਹੀ ਇਸ ਰਾਗ ਦੀ ਵਰਤੋਂ ਕੀਤੀ ਹੈ ਅਤੇ ਉਨ੍ਹਾਂ ਨੇ ਇਸ ਰਾਗ ਦੇ ਦੋਹਾਂ ਰੂਪਾਂ ਭਾਵ (1) ਰਾਗ ਨਟ ਨਰਾਇਣ ਤੇ (2) ਰਾਗ ਨਟ ਦਾ ਪਰਯੋਗ ਕੀਤਾ ਹੈ।

ਵਨੰਗੀ

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥
ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ ਮਨਿ ਬੀਜਿਆ ਖਾਵਾਰੇ॥


www.AKJ.Org

ਜਿਉ ਜਨ ਚੰਦ੍ਰਹਾਸੁ ਦੁਖਿਆ ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ॥੬॥ (ਪੰਨਾ - ੧੮੨)

੨੦. ਰਾਗੁ ਮਾਲੀ ਗਉੜਾ ਪੰਨਾ 984 ਤੋਂ 988 ਤਕ

ਰਾਗੁ ਮਾਲੀ ਗਉੜਾ ਇਕ ਗੈਰ ਪਰਚਲਤ ਤੇ ਮੁਸ਼ਕਲ ਜਿਹਾ ਰਾਗ ਹੈ। ਇਸ ਰਾਗ ਦੇ ਸੁਣਨ ਨਾਲ ਮਨ ਵਿਚ ਖੁਸ਼ੀਆਂ ਖੇੜਿਆਂ ਦੀਆਂ ਤਰੰਗਾਂ ਉਠਦੀਆਂ ਹਨ। ਦੋ ਗੁਰੂ ਸਾਹਿਬਾਨ ਤੇ ਇਕ ਭਗਤ ਸਾਹਿਬ ਦੀ ਬਾਣੀ ਵਿਚ ਕੁਝ ਸ਼ਬਦ ਇਸ ਰਾਗ ਵਿਚ ਗਾਏ ਮਿਲਦੇ ਹਨ। ਦਿਨ ਢਲਣ ਸਮੇਂ ਤੀਜੇ ਤੇ ਚੌਥੇ ਪਹਿਰ ਵਿਚ ਇਸ ਨੂੰ ਆਮ ਕਰ ਕੇ ਗਾਇਆ ਜਾਂਦਾ ਹੈ। ਇਹ ਰਾਗ, ਮਾਰੂ ਠਾਟ ਦਾ ਸੰਪੂਰਣ ਰਾਗ ਹੈ।

ਵਨੰਗੀ

ਮੇਰਾ ਮਨੁ ਰਾਮ ਨਾਮਿ ਰਸਿ ਲਾਗਾ॥ ਕਮਲ ਪ੍ਰਗਾਸੁ ਭਇਆ ਗੁਰੁ ਪਾਇਆ
ਹਰਿ ਜਪਿਓ ਭ੍ਰਮੁ ਭਉ ਭਾਗਾ॥- ਰਹਾਉ॥ (ਪੰਨਾ – 985)

੨੧. ਰਾਗੁ ਮਾਰੂ (ਪੰਨਾ -੧੮੯ ਤੋਂ 1106 ਤਕ)

"ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗਿ ਬੈਰਾਗੁ
ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ" (ਪੰਨਾ- 1425)

ਮਾਰੂ ਰਾਗ ਜੋਸ਼ ਤੇ ਵੈਰਾਗ ਦੋਹਾਂ ਹਾਲਤਾਂ ਵਿਚ ਗਾਇਆ ਜਾਂਦਾ ਹੈ। ਯੁਧ ਵਿਚ ਇਸ ਰਾਹੀਂ ਯੋਧਿਆਂ ਦਾ ਮਨੋ ਬਲ ਤਕੜਾ ਕੀਤਾ ਜਾਂਦਾ ਹੈ ਤੇ ਉਨ੍ਹਾਂ ਨੂੰ ਮਰ ਮਿਟਣ ਲਈ ਜੋਸ਼ ਦਵਾ ਕੇ ਉਤਸ਼ਾਹਤ ਕੀਤਾ ਜਾਂਦਾ ਹੈ। ਗੁਰਬਾਣੀ ਵਿਚ ਇਸ ਦੁਆਰਾ ਨੇਕ ਕਰਮਾਂ ਲਈ ਜੋਸ਼ ਪੈਦਾ ਕਰਨਾ ਅਤੇ ਕਾਮ, ਕਰੋਧ, ਲੋਭ, ਮੋਹ ਹੰਕਾਰ ਨੂੰ ਵਿਨਾਸ਼ ਕਰਨ ਲਈ ਉਤਸ਼ਾਹ ਪੈਦਾ ਕਰਨਾ ਇਸ ਦਾ ਮਨੋਰਥ ਹੈ। ਇਹ ਦਿਨ ਦੇ ਤੀਜੇ ਪਹਿਰ ਵਿਚ ਅਲਾਪਿਆ ਜਾਂਦਾ ਹੈ।

ਵੰਨਗੀ

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ ਰਹਾਉ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ॥੨॥ (ਪੰਨਾ- 1000)

੨੨. ਰਾਗੁ ਤੁਖਾਰੀ (ਪੰਨਾ 1107 ਤੋਂ 1117 ਤਕ)

ਦਿਨ ਦੇ ਚੌਥੇ ਪਹਿਰ ਵਿਚ ਗਾਉਣ ਵਾਲਾ ਇਹ ਰਾਗ ਤੁਖਾਰੀ ਇਕ ਗੈਰ ਪਰਚਲਤ ਰਾਗ ਹੈ। ਆਮ ਮਤ ਇਹੀ ਹੈ ਕਿ ਇਹ ਬਹੁਤਾ ਪੁਰਾਣਾ ਨਹੀਂ ਤੇ ਗੁਰੂ ਨਾਨਕ ਦੇਵ ਜੀ ਨੇ ਹੀ ਇਸ ਦੀ ਸਿਰਜਣਾ ਕੀਤੀ ਹੈ। ਕਿਸੇ ਵੀ ਭਗਤ ਨੇ ਇਸ ਵਿਚ ਬਾਣੀ ਨਹੀਂ ਰਚੀ ਕੇਵਲ ਗੁਰੂ ਨਾਨਕ ਸਾਹਿਬ, ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਇਸ ਰਾਗ ਦੁਆਰਾ ਮਨੁਖ ਦੀ ਖਾਮੋਸ਼ੀ ਨੂੰ ਅਕਾਲ ਪੁਰਖ ਦੀ ਅਰਾਧਨਾ ਵਿਚ ਸਮਰਪਤ ਕਰਨ ਲਈ ਇਸ ਦੀ ਵਰਤੋਂ ਕੀਤੀ ਹੈ।

ਵਨੰਗੀ

ਘੋਲਿ ਘੁਮਾਈ ਲਾਲਨਾ ਗੁਰਿ ਮਨੁ ਦੀਨਾ॥ ਸੁਣਿ ਸਬਦੁ ਤੁਮਾਰਾ ਮੇਰਾ ਮਨੁ ਭੀਨਾ ॥
ਇਹੁ ਮਨੁ ਭੀਨਾ ਜਿਉ ਜਲ ਮੀਨਾ ਲਾਗਾ ਰੰਗੁ ਮੁਰਾਰਾ ॥
ਕੀਮਤਿ ਕਹੀ ਨ ਜਾਈ ਠਾਕੁਰ ਤੇਰਾ ਮਹਲੁ ਅਪਾਰਾ ॥
ਸਗਲ ਗੁਣਾ ਕੇ ਦਾਤੇ ਸੁਆਮੀ ਬਿਨਉ ਸੁਨਹੁ ਇਕ ਦੀਨਾ ॥
ਦੇਹੁ ਦਰਸੁ ਨਾਨਕ ਬਲਿਹਾਰੀ ਜੀਅੜਾ ਬਲਿ ਬਲਿ ਕੀਨਾ॥ (ਪੰਨਾ- 1117)


www.AKJ.Org

੨3. ਰਾਗੁ ਕੇਦਾਰਾ (ਪੰਨਾ 1118 ਤੋਂ 1124 ਤਕ)

"ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ॥
ਸਤ ਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ"॥ (ਪੰਨਾ - 1087)

ਗੁਰੂ ਅਮਰਦਾਸ ਜੀ ਨੇ ਉਕਤ ਦਿਤੇ ਸ਼ਲੋਕ ਅਨੁਸਾਰ ਕੇਦਾਰਾ ਰਾਗ ਬਾਕੀ ਰਾਗਾਂ ਵਿਚੋਂ ਚੰਗਾ ਜਾਣਿਆ ਜਾਂਦਾ ਹੈ ਜੇ ਕਰ ਇਸ ਦੁਆਰਾ ਮਨੁਖ ਦਾ ਪ੍ਰਭੂ ਨਾਮ ਨਾਲ ਸਨੇਹ ਪਿਆਰ ਪੈ ਜਾਵੇ, ਉਹ ਸਾਧ ਸੰਗਤ ਨਾਲ ਜੁੜਿਆ ਰਹੇ ਅਤੇ ਸਚੇ ਮਾਲਕ ਨਾਲ ਉਸ ਦੀ ਪਿਰਹੜੀ ਪੈ ਜਾਵੇ। ਇਸ ਤੋਂ ਪਰਤੀਤ ਹੁੰਦਾ ਹੈ ਕਿ ਗੁਰਮਤਿ ਸੰਗੀਤ ਵਿਚ ਇਸ ਦਾ ਵਿਸ਼ੇਸ਼ ਸਥਾਨ ਹੈ। ਉਂਜ ਇਹ ਰਾਗ ਆਮ ਰਾਗਾਂ ਨਾਲੋਂ ਗਾਉਣ ਵਜਾਉਣ ਵਿਚ ਵੀ ਸਰਲ ਹੈ। ਕਲਯਾਣ ਠਾਟ ਦਾ ਇਹ ਸੰਪੂਰਣ ਰਾਗ ਹੈ। ਇਸ ਦੇ ਗਾਉਣ ਦਾ ਸਮਾਂ ਰਾਤ ਦਾ ਪਹਿਲਾ ਤੇ ਦੂਜਾ ਪਹਿਰ ਹਨ।

ਵੰਨਗੀ

ਹਰਿ ਕੇ ਦਰਸਨ ਕੋ ਮਨਿ ਚਾਉ॥
ਕਰਿ ਕਿਰਪਾ ਸਤ ਸੰਗਿ ਮਿਲਾਵਹੁ ਤੁਮ ਦੇਵਹੁ ਅਪਨੋ ਨਾਉ॥ ਰਹਾਉ ॥ (ਪੰਨਾ- 1120)

੨4. ਰਾਗੁ ਭੈਰਉ (ਪੰਨਾ 1125 ਤੋਂ 1167 ਤਕ)

ਭੈਰਉ ਦੀ ਛੇ ਰਾਗਾਂ ਵਿਚ ਗਿਣਤੀ ਹੈ ਅਤੇ ਇਹ ਸੰਪੂਰਣ ਜਾਤੀ ਦਾ ਮਾਰਗੀ ਹੈ ਜਿਸ ਦੇ ਅਲਾਪਣ ਦਾ ਸਮਾਂ ਪ੍ਰਾਤਾਕਾਲ ਹੈ। ਇਸ ਨਾਲ ਸੁਹਾਵਣਾ ਤੇ ਮਨ ਮੋਹਣਾ ਵਾਤਾਵਰਣ ਬਝਦਾ ਹੈ।

ਵੰਨਗੀ

ਆਉ ਕਲੰਦਰ ਕੇਸਵਾ॥ ਕਰਿ ਅਬਦਾਲੀ ਭੇਸਵਾ॥ ਰਹਾਉ॥
ਜਿਨਿ ਆਕਾਸ ਕੁਲਹ ਸਿਰਿ ਕੀਨੀ ਕਉਸੈ ਸਪਤ ਪਯਾਲਾ॥
ਚਮਰ ਪੋਸ ਕਾ ਮੰਦਰੁ ਤੇਰਾ ਇਹ ਬਿਧਿ ਬਨੇ ਗੁਪਾਲਾ॥ (ਪੰਨਾ - 1167)

੨5. ਰਾਗੁ ਬਸੰਤ (ਪੰਨਾ 1168 ਤੋਂ 1196 ਤਕ)

"ਬਨਸਪਤਿ ਮਉਲੀ ਚੜਿਆ ਬਸੰਤੁ॥ ਇਹੁ ਮਨੁ ਮਉਲਿਆ ਸਤਿਗੁਰੂ ਸੰਗਿ" (ਪੰਨਾ - 1176)

ਬਸੰਤ ਰੁਤ ਸਾਰੀਆਂ ਰੁਤਾਂ ਤੋਂ ਸਰੇਸ਼ਠ ਰੁਤ ਹੈ ਕਿਉਂਕਿ ਇਸ ਰੁਤ ਵਿਚ ਧਰਤੀ ਦੇ ਜ਼ਰੇ ਜ਼ਰੇ ਵਿਚ ਬਨਸਪਤੀ ਦੀ ਨਵੀਨਤਾ, ਰੰਗੀਨੀ ਤੇ ਉਮਾਹ ਦੇ ਦਰਸ਼ਨ ਹੁੰਦੇ ਹਨ। ਬਨਸਪਤੀ ਦਾ ਖੇੜਾ ਬੁਝੇ ਮਨ ਨੂੰ ਵੀ ਰੌਣਕ ਪਰਦਾਨ ਕਰਦਾ ਹੈ। ਬਸੰਤ ਰਾਗ ਵੀ ਆਤਮਾ ਵਿਚ ਕਿਸੇ ਕਿਸਮ ਦਾ ਵਿਸਮਾਦੀ ਅਨੰਦ ਜਗਾਉਂਦਾ ਹੈ ਪਰ ਜੇ ਇਸ ਰਾਗ ਵਿਚ ਅਕਾਲ ਉਸਤਤ ਦੇ ਗੀਤ ਗਾਏ ਜਾਣ, ਪ੍ਰੀਤਮ ਪਿਆਰੇ ਦੇ ਵਸਲ ਮਿਲਾਪ ਦੇ ਸੋਹਲੇ ਪੜ੍ਹੇ ਜਾਣੇ ਤਾਂ ਮਨੁਖੀ ਮਨ ਪ੍ਰਭੂ ਪ੍ਰਗਾਸ ਲਈ ਨਵੇਂ ਸਿਰਿਓਂ ਮਉਲ ਪੈਂਦਾ ਹੈ।

ਬਸੰਤ ਰੁਤ ਵਿਚ ਇਹ ਰਾਗ ਕਿਸੇ ਵੀ ਸਮੇਂ ਗਾਇਆ ਜਾ ਸਕਦਾ ਹੈ ਪਰ ਉਸ ਤੋਂ ਅਗੇ ਪਿਛੇ ਇਸ ਲਈ ਦਿਨ ਦਾ ਦੂਜਾ ਪਹਿਰ ਜਾਂ ਰਾਤ ਦਾ ਸਮਾਂ ਵਧੇਰੇ ਪ੍ਰਭਾਲ ਸ਼ਾਲੀ ਮੰਨਿਆ ਗਿਆ ਹੈ। ਇਹ ਰਾਗ ਪੂਰਬੀ ਠਾਟ ਦਾ ਸੰਪੂਰਣ ਰਾਗ ਹੈ ਅਤੇ ਸਾਰੇ ਭਾਰਤ ਵਿਚ ਬਹੁਤ ਹਰਮਨ ਪਿਆਰਾ ਹੈ ਅਤੇ ਪੁਰਾਤਨ ਸਮਿਆਂ ਤੋਂ ਇਸ ਦੀ ਭਾਰਤੀ ਸੰਸਕ੍ਰਿਤੀ ਨਾਲ ਵਾਬਸਤਗੀ ਹੈ।

ਵੰਨਗੀ

ਬਸੰਤੁ ਚੜਿਆ ਫੂਲੀ ਬਨਰਾਇ॥ ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ॥੧॥
ਇਨ ਬਿਧਿ ਇਹੁ ਮਨੁ ਹਰਿਆ ਹੋਇ॥
ਹਰਿ ਹਰਿ ਨਾਮੁ ਜਪੈ ਦਿਨੁ ਰਾਤੀ ਗੁਰਮੁਖਿ ਹਉਮੈ ਕਢੈ ਧੋਇ ॥੧॥ ਰਹਾਉ॥
ਸਤਿਗੁਰ ਬਾਣੀ ਸਬਦੁ ਸੁਣਾਏ ਇਹੁ ਜਗੁ ਹਰਿਆ ਸਤਿਗੁਰ ਭਾਏ ॥੨॥
ਫਲ ਫੂਲ ਲਾਗੇ ਜਾ ਆਪੇ ਲਾਇ॥ ਮੂਲਿ ਲਗੈ ਤਾਂ ਸਤਿਗੁਰੁ ਪਾਏ ॥੩॥


www.AKJ.Org

ਆਪਿ ਬਸੰਤੁ ਜਗਤੁ ਸਭੁ ਵਾੜੀ॥ ਨਾਨਕ ਪੂਰੈ ਭਾਗਿ ਭਗਤਿ ਨਿਰਾਲੀ ॥੪॥੫॥(ਪੰਨਾ- 1177)

੨੬. ਰਾਗੁ ਸਾਰਗ/ਸਾਰੰਗ (ਪੰਨਾ 1197 ਤੋਂ 1253 ਤਕ)

ਰਾਗ ਸਾਰੰਗ ਇਕ ਸਰਲ ਪਰ ਮਨ ਮੋਹਕ ਰਾਗ ਹੈ ਜੋ ਚਿਰਾਂ ਤੋਂ ਇਸ ਧਰਤੀ ਤੇ ਗਾਇਆ ਜਾਂਦਾ ਆ ਰਿਹਾ ਹੈ। ਕਹਿੰਦੇ ਹਨ ਇਸ ਦਾ ਸੁਭਾਅ ਸੀਤਲ ਹੈ, ਮਨ ਨੂੰ ਠੰਡਕ ਪਹੁੰਚਾਉਂਦਾ ਹੈ, ਭਟਕਣਾ ਮਿਟਾਉਂਦਾ ਹੈ। ਇਸ ਨੂੰ ਗਾਉਣ ਲਈ ਦੁਪਹਿਰ ਦਾ ਤੀਜਾ ਪਹਿਰ ਮਿਥਿਆ ਗਿਆ ਹੈ

ਵੰਨਗੀ

ਕਹਾ ਨਰ ਅਪਨੋ ਜਨਮੁ ਗਵਾਵੈ॥
ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀ ਆਵੈ ॥੧॥ ਰਹਾਉ॥
ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ॥
ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ ॥੧॥ (ਪੰਨਾ - 1231)

27. ਰਾਗੁ ਮਲਾਰ (ਪੰਨਾ 1254 ਤੋਂ 1293 ਤਕ)

"ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥
ਹਰਿ ਜੀਉ ਅਪਣੀ ਕ੍ਰਿਪਾ ਕਰੇ ਤਾ ਵਰਤੈ ਸਭ ਲੋਇ"॥ (ਪੰਨਾ -1283)

ਆਮ ਕਹਾਵਤ ਹੈ ਜੇ ਸਾਲ ਦੇ 12 ਮਹੀਨਿਆਂ ਵਿਚੋਂ ਸਾਵਣ ਦਾ ਮਹੀਨਾ ਕਢ ਦਿਉ ਤਾਂ ਬਾਕੀ ਕਖ ਨਹੀਂ ਰਹਿ ਜਾਂਦਾ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਾਵਣ ਦਾ ਮਹੀਨਾ ਹਰ ਲਿਹਾਜ਼ ਨਾਲ ਇਨਸਾਨੀ ਜ਼ਿੰਦਗੀ ਲਈ ਬਹੁਮੁਲਾ ਮਹੀਨਾ ਹੈ ਅਤੇ ਜੇ ਇਸ ਮੌਸਮ ਵਿਚ ਉਸ ਉਤੇ ਮਲਾਰ ਰਾਗ ਦੀ ਪਾਹ ਚੜ੍ਹ ਜਾਵੇ ਫਿਰ ਤਾਂ ਸੋਨੇ ਤੇ ਸੁਹਾਗੇ ਦਾ ਕੰਮ ਕਰਦਾ ਹੈ। ਮਲਾਰ ਰਾਗ ਮਨੁਖੀ ਚਾਉ ਮਲਾਰਾਂ ਦੀ ਤਰਜਮਾਨੀ ਕਰਦਾ ਹੈ। ਨਵੇਂ ਜਜ਼ਬੇ, ਨਵੇਂ ਵਲਵਲੇ ਉਤਪੰਨ ਕਰਦਾ ਹੈ। ਇਹ ਰਾਗ ਚਾਵਾਂ ਨੂੰ ਉਭਾਰਦਾ ਤੇ ਫਿਰ ਉਨ੍ਹਾਂ ਦੀ ਤਰਿਪਤੀ ਵੀ ਕਰਦਾ ਹੈ।

"ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ॥
ਗੁਰ ਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ॥" (ਪੰਨਾ- 1285)

ਇਸ ਰਾਗ ਦੇ ਕਈ ਭੇਦ ਸੰਪੂਰਣ ਜਾਤੀ ਦੇ ਹਨ ਪਰ ਸ਼ੁਧ ਮਲਾਰ ਕਮਾਚ ਠਾਟ ਦਾ ਔੜਵ ਰਾਗ ਹੈ। ਇਹ ਸਾਰੀ ਵਰਖਾ ਰੁਤ ਦੌਰਾਨ ਹਰ ਸਮੇਂ ਗਾਇਆ ਜਾਂਦਾ ਹੈ ਪਰ ਇਸ ਲਈ ਰਾਤ ਦਾ ਤੀਜਾ ਪਹਿਰ ਮਖਸੂਸ ਹੈ।

ਵੰਨਗੀ

ਪਰਮੇਸਰੁ ਹੋਆ ਦਇਆਲੁ ॥ਮੇਘੁ ਵਰਸੈ ਅੰਮ੍ਰਿਤਧਾਰ ॥
ਸਗਲੇ ਜੀਅ ਜੰਤ ਤ੍ਰਿਪਤਾਸੇ॥ ਕਾਰਜ ਆਏ ਪੂਰੇ ਰਾਸੇ॥
ਸਦਾ ਸਦਾ ਮਨ ਨਾਮੁ ਸਮਾਲਿ॥
ਗੁਰ ਪੂਰੇ ਕੀ ਸੇਵਾ ਪਾਇਆ ਐਥੈ ਓਥੈ ਨਿਬਹੈ ਨਾਲਿ ॥੧॥ਰਹਾਉ॥ (ਪੰਨਾ- 1271)

੨8. ਰਾਗੁ ਕਾਨੜਾ (ਪੰਨਾ 1294 ਤੋਂ 1318 ਤਕ)

ਕਠਨ ਰਾਗ ਹੋਣ ਦੇ ਬਾਵਜੂਦ ਬੜਾ ਹਰਮਨ ਪਿਆਰਾ ਤੇ ਪਰਚਲਤ ਰਾਗ ਹੈ। ਸੰਗੀਤ ਸ਼ਾਸਤਰੀਆਂ ਦੀਆਂ ਮਹਿਫਲਾਂ ਦਾ ਇਹ ਮਕਬੂਲ ਰਾਗ ਹੈ। ਰਾਜਿਆਂ ਮਹਾਰਾਜਿਆਂ ਦੇ ਦਰਬਾਰਾਂ ਵਿਚ ਵੀ ਇਸ ਦੀ ਵਿਸ਼ੇਸ਼ ਉਪਾਸ਼ਨਾ ਰਹੀ ਹੈ। ਗਾਇਕਾਂ ਨੇ ਇਸ ਦੇ ਭੇਦ ਕਲਪੇ ਹਨ। ਇਸ ਰਾਗ ਦੀਆਂ ਸੁਰਾਂ ਜਗਾਉਣ ਦਾ ਵੇਲਾ ਰਾਤਰੀ ਦਾ ਦੂਜਾ ਪਹਿਰਾ ਹੈ।

ਵਨੰਗੀ

ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧ ਸੰਗਤਿ ਮੋਹਿ ਪਾਈ॥੧॥ - ਰਹਾਉ
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥੧॥



www.AKJ.Org

ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ॥੨॥

ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ॥੩॥ (ਪੰਨਾ- ੧੨੭੭)

੨੭. ਰਾਗੁ ਕਲਿਆਨ (ਪੰਨਾ 1319 ਤੋਂ 1326 ਤਕ)

ਕਲਿਆਨ ਰਾਗ ਮਨ ਵਿਚ ਪ੍ਰਸੰਨਤਾ ਪੈਦਾ ਕਰਦਾ ਹੈ ਅਤੇ ਰਾਤ ਦੇ ਪਹਿਲੇ ਪਹਿਰ ਵਿਚ ਗਾਇਆ ਜਾਂਦਾ ਹੈ। ਇਸ ਰਾਗ ਵਿਚ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਹੀ ਬਾਣੀ ਮਿਲਦੀ ਹੈ। ਇਸ ਰਾਗ ਦੇ ਕਈ ਭੇਦ ਹਨ।

ਵਨੰਗੀ

ਮੇਰੇ ਲਾਲਨ ਕੀ ਸੋਭਾ॥ ਸਦ ਨਵਤਨ ਮਨ ਰੰਗੀ ਸੋਭਾ ॥੧॥ ਰਹਾਉ॥

ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਭਗਤਿ ਦਾਨੁ ਜਸੁ ਮੰਗੀ॥੧॥

ਜੋਗ ਗਿਆਨ ਧਿਆਨ ਸੇਖਨਾਗੈ ਸਗਲ ਜਪਹਿ ਤਰੰਗੀ॥

ਕਹੁ ਨਾਨਕ ਸੰਤਨ ਬਲਿਹਾਰੈ ਜੋ ਪ੍ਰਭ ਕੇ ਸਦ ਸੰਗੀ॥੨॥ (ਪੰਨਾ- 1322)

30. ਰਾਗੁ ਪ੍ਰਭਾਤੀ (ਪੰਨਾ 1327 ਤੋਂ 1351 ਤਕ)

ਅੰਮ੍ਰਿਤ ਵੇਲੇ ਦਾ ਰਾਗ ਹੈ ਜਿਸ ਦੇ ਗਾਉਣ ਨਾਲ ਮਨ ਪ੍ਰਸੰਨ ਹੁੰਦਾ ਹੈ, ਸਹਿਜ ਅਵਸਥਾ ਵਿਚ ਆਉਂਦਾ ਹੈ ਤੇ ਟਿਕਾਓ ਪਾਉਂਦਾ ਹੈ। ਇਹ ਰਚੇਤਾ ਮਹਾਨ ਕੋਸ਼ ਅਨੁਸਾਰ ਇਕ ਰਾਗਿਣੀ ਹੈ ਜੋ ਭੈਰਵ ਠਾਟ ਦੀ ਸੰਪੂਰਣ ਜਾਤੀ ਦੀ ਹੈ।

ਵਨੰਗੀ

ਦਿਸਟਿ ਬਿਕਾਰੀ ਬੰਧਨਿ ਬਾਂਧੈ ਹਉ ਤਿਸ ਕੈ ਬਲਿ ਜਾਈ ॥

ਪਾਪ ਪੁੰਨ ਕੀ ਸਾਰ ਨ ਜਾਣੈ ਭੂਲਾ ਫਿਰੈ ਅਜਾਈ ॥੧॥

ਬੋਲਹੁ ਸਚੁ ਨਾਮੁ ਕਰਤਾਰ॥ ਫੁਨਿ ਬਹੁੜਿ ਨ ਆਵਣ ਵਾਰ॥੧॥ ਰਹਾਉ॥ (ਪੰਨਾ-1329)

31. ਰਾਗੁ ਜੈਜਾਵੰਤੀ (ਪੰਨਾ 1352 ਤੋਂ 1353)

ਇਸ ਰਾਗੁ ਵਿਚ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਹੀ ਬਾਣੀ ਮਿਲਦੀ ਹੈ। ਇਹ ਜਿਤ ਨੂੰ ਦਰਸਾਉਂਦਾ ਰਾਗ ਹੈ। ਮਨ ਨੂੰ ਜਿਤਣਾ, ਸੰਸਾਰ ਨੂੰ ਜਿਤਣਾ ਹੈ। ਪਰਮਾਤਮਾ ਨਾਲ ਅਭੇਦਤਾ ਮਨੁਖੀ ਜੀਵ ਦਾ ਲਕਸ਼ ਹੈ। ਇਸ ਦੀ ਪ੍ਰਾਪਤੀ ਉਤੇ ਖੁਸ਼ੀ ਦੇ ਦਮਾਮੇ ਵਜਦੇ ਹਨ। ਇਸ ਰਾਗ ਵਿਚ ਕੇਵਲ ਗੁਰੂ ਤੇਗ ਬਹਾਦਰ ਸਾਹਿਬ ਨੇ ਚਾਰ ਸ਼ਬਦ ਲਿਖੇ ਹਨ ਇਸ ਨੂੰ ਗਾਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ।

ਵਨੰਗੀ

ਰਾਮ ਸਿਮਰ ਰਾਮ ਸਿਮਰ ਇਹੈ ਤੇਰੈ ਕਾਜਿ ਹੈ॥

ਮਾਇਆ ਕੋ ਸੰਗੁ ਤਿਆਗਿ ਪ੍ਰਭ ਜੂ ਕੀ ਸਰਨਿ ਲਾਗ

ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥੧॥ ਰਹਾਉ॥ (ਪੰਨਾ - 1352)

ਕੁਝ ਬਾਣੀ ਇਨ੍ਹਾਂ 31 ਰਾਗਾਂ ਤੋਂ ਇਲਾਵਾ ਵੀ ਹੈ ਜਿਹੜੀ ਵਾਰਾਂ, ਸਲੋਕਾਂ, ਗਾਥਾਂ, ਸਵੈਯਾਂ, ਮੁੰਦਾਵਣੀ, ਆਦਿ ਵਿਚ ਹੈ। (ਪੰਨਾ 1353 ਤੋਂ 1430 ਤਕ)

---

## ਰਸੀਦ ਬੁੱਕ ਗੁੰਮ

*ਭਾਈ ਹਰਭਜਨ ਸਿੰਘ ਜੀ ਪਠਾਨਕੋਟ ਸੂਚਨਾ ਦਿੰਦੇ ਹਨ ਕਿ ਉਨ੍ਹਾਂ ਪਾਸੋਂ ਸੂਰਾ ਦੀ ਰਸੀਦ ਬੁੱਕ ਨੰਬਰ 03601 ਤੋਂ 03700 ਕਿਤੇ ਗੁੰਮ ਹੋ ਗਈ ਹੈ। ਜਿਸ ਕਿਸੇ ਸੱਜਣ ਨੂੰ ਮਿਲੇ ਉਹ ਭਾਈ ਹਰਭਜਨ ਸਿੰਘ ਚੀਫ ਇੰਜੀਨੀਅਰ M.E.S ਪਠਾਨਕੋਟ ਜਾਂ ਸੂਰਾ ਸਟਾਲ ਤੇ ਪਹੁੰਚਾਉਣ ਦੀ ਖੇਚਲ ਕਰੇ ਜੀ। ਚੰਦੇ ਜਾਂ ਹੋਰ ਰਕਮਾਂ ਜਮ੍ਹਾਂ ਕਰਵਾਉਣ ਵਾਲੇ ਕ੍ਰਿਪਾ ਕਰਕੇ ਉਪਰ ਲਿਖੇ ਨੰਬਰ ਦੀ ਰਸੀਦ ਤੇ ਮਾਇਆ ਨਾ ਦਿਉ ਜੀ।*

*ਧੰਨਵਾਦ ਸਹਿਤ ਸੰਪਾਦਕ*



www.AKJ.Org

# ਸਲੋਕ ਭਗਤ ਕਬੀਰ ਜੀਉ ਕੇ
# SLOK BHAGAT KABIR JI

(By Jaspinder Singh ji Canada)

(ਲੜੀ ਜੋੜਨ ਲਈ ਸੂਰਾ ਸਤੰਬਰ ਅੰਕ ਦੇਖੋ)

ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ॥
ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥੪੧॥

**Slok No 41:** O'Kabir! Enrich thyself wait the booty of Nam Divine in this opportunity of human life, lest thou may repent when the life ends. -41

ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ ॥
ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ ॥੪੨॥

**Slok No 42:** O'Kabir! Rare is the one who rids oneself of all selfhood and the five evils of lust, anger, good, attachment and pride. After this alone one may remain tuned to Godliness.-42

ਕੋ ਹੈ ਲਰਿਕਾ ਬੇਚਈ ਲਰਿਕੀ ਬੇਚੈ ਕੋਇ॥
ਸਾਝਾ ਕਰੈ ਕਬੀਰ ਸਿਉ ਹਰਿ ਸੰਗਿ ਬਨਜੁ ਕਰੇਇ ॥੪੩॥

**Slok No 43:** O'Kabir! Rare is the one who may surrender evils like lust, anger, greed, attachment, pride (sons) and wishful, desire, acrimony, etc. (daughter) in exchange for wealth of Nam Divine from the Lord. Kabir yearns for the holy company of such a one. -43

ਕਬੀਰ ਇਹ ਚੇਤਾਵਨੀ ਮਤ ਸਹਸਾ ਰਹਿ ਜਾਇ॥
ਪਾਛੈ ਭੋਗ ਜੁ ਭੋਗਵੇ ਤਿਨ ਕੋ ਗੁੜੁ ਲੈ ਖਾਹਿ ॥੪੪॥

**Slok No 44:** O'Kabir! Let this reminder dispel any doubt that all the worldly enjoyment that one may have had is worth very little. Real bliss is harmonious living in God contemplation.-44

ਕਬੀਰ ਮੈ ਜਾਨਿਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ ॥
ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ ॥੪੫॥

**Slok No 45:** O'Kabir! I thought scholarship is a worthy pursuit, but better still is God. Realization and living in Godly presence. I shall abandon not Godly devotion even if the worldly people condemn me for this. -45

ਕਬੀਰ ਲੋਗੁ ਕਿ ਨਿੰਦੈ ਬਪੁੜਾ ਜਿਹ ਮਨਿ ਨਾਹੀ ਗਿਆਨੁ॥
ਰਾਮ ਕਬੀਰਾ ਰਵਿ ਰਹੇ ਅਵਰ ਤਜੇ ਸਭ ਕਾਮ॥੪੬॥

**Slok No 46:** O'Kabir!! What meaning the condemnation of ignorant people carry? Unmindful of their criticism, Kabir goes on reciting Nam. leaving aside all other interests. -46

ਕਬੀਰ ਪਰਦੇਸੀ ਕੈ ਘਾਘਰੈ ਚਹੁ ਦਿਸਿ ਲਾਗੀ ਆਗਿ॥
ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ॥੪੭॥

**Slok No 47:** O'Kabir! The body organs that sense the outer message, like ears, eyes, nose, tongue and slin, are prone to be vitiated by the worldly evil. Yeilding to the evil influences shall destroy the body. However if one resists the polluting influences on mind, one can save the soul. -47

ਕਬੀਰ ਖਿੰਥਾ ਜਲਿ ਕੋਇਲਾ ਭਈ ਖਾਪਰੁ ਫੂਟ ਮਫੂਟ॥
ਜੋਗੀ ਬਪੁੜਾ ਖੇਲਿਓ ਆਸਨਿ ਰਹੀ ਬਿਭੂਤਿ ॥੪੮॥

**Slok No 48:** O'Kabir! The sojourner, who gets involved in worldly evil destroys himself completely.



www.AKJ.Org

His begging bowl of mind goes to pieces with restlessness. He leaves behind little body ash after death and his life of evil pursits is just wasted. -48

ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ॥
ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਹਾਲਿ ॥੪੯॥

Slok No 49: O'Kabir! A mortal, given to worldly pursuits alone, is like a fish in shallow water. A fisherman comes and spreads his net. Now it is not possible for the fish to escape the net in shallow water. Thus the mortal should seek refuge of the ocean like Lord rather than engage his worldliness and suffer the noose of death in endless cycle. -49

ਕਬੀਰ ਸਮੁੰਦੁ ਨ ਛੋਡੀਐ ਜਉ ਅਤਿ ਖਾਰੋ ਹੋਇ॥
ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿਹੈ ਕੋਇ ॥੫੦॥

Slok No 50: O'Kabir! Leave not the dependable refuge of the ocean-like Lord, even if it is distasteful to sacrifice the worldly interests. Never is the dependence on worldly sources appreciated for their shallowness and high risk. -50

ਕਬੀਰ ਨਿਗੁਸਾਂਏਂ ਬਹਿ ਗਏ ਥਾਂਘੀ ਨਾਹੀ ਕੋਇ॥
ਦੀਨ ਗਰੀਬੀ ਆਪੁਨੀ ਕਰਤੇ ਹੋਇ ਸੁ ਹੋਇ ॥੫੧॥

Slok No 51: O'Kabir! The life-boat of mortals needs to be ferried across the worldly turbulent ocean under the stewardship of the Guru. However the mortals who choose not to seek the help of the steward Guru get drowned. The mortals under the care of steward Guru are aware of their own inability and willingly accept whatever coems to pass under the stewardship of the Guru. with faith and reliance. -51

ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ॥
ਓਹ ਨਿਤ ਸੁਨੈ ਹਰਿ ਨਾਮ ਜਸੁ ਉਹ ਪਾਪ ਬਿਸਾਹਨ ਜਾਇ ॥੫੨॥

Slok No 52: O'Kabir! Better off is the she-dog of a devotee of God that listens to Divine praises daily being recited by the devotee. However evil is the mother of an etheist, Who shares the sinful life of the atheist. -52

ਕਬੀਰ ਹਰਨਾ ਦੂਬਲਾ ਇਹੁ ਹਰੀਆਰਾ ਤਾਲੁ॥
ਲਾਖ ਅਹੇਰੀ ਏਕੁ ਜੀਉ ਕੇਤਾ ਬੰਚਉ ਕਾਲੁ ॥੫੩॥

Slok No 53: O'Kabir! Weak is the deer like mortal and the world is like the attractive pond of green growth. The irresistable greenery that abounds is the evil of worldliness. With so much hunting evil around, how far can the poor mortal escape ?-53

ਕਬੀਰ ਗੰਗਾ ਤੀਰ ਜੁ ਘਰੁ ਕਰਹਿ ਪੀਵਹਿ ਨਿਰਮਲ ਨੀਰੁ।
ਬਿਨੁ ਹਰਿ ਭਗਤਿ ਨ ਮੁਕਤਿ ਹੋਇ ਇਉ ਕਹਿ ਰਮੇ ਕਬੀਰ॥੫੪॥

SloK No 54: O'Kabir! If one was to have lodging by the side of Ganges and keep drinking the holy water yet salvation lies in Godly devotion alone. Saying this Kabir keeps reciting. The Nam Divine. -54

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥੫੫॥

Slok No 55: O'Kabir! Engaged in Nam-devotion, mind has become pure like the Ganges water. Now God himself is attracted to me. He follows me calling "Kabir, kabir." -55

(to be Continued)



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ-੧੦

(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਸਤੰਬਰ ੯੯)

## ੨੩-ਬਿਨੁ ਸਿਮਰਨ ਕਰਮਾਂ ਦੀ ਨਿਸਫਲਤਾ

ਬਿਨੁ ਸਿਮਰਨ ਜੈਸੇ ਸਰਪ ਆਰਜਾਰੀ॥
ਤਿਉ ਜੀਵਹਿ ਸਾਕਤ ਨਾਮੁ ਬਿਸਾਰੀ॥੧॥
ਏਕ ਨਿਮਖ ਜੋ ਸਿਮਰਨ ਮਹਿ ਜੀਆ॥
ਕੋਟਿ ਦਿਨਸ ਲਾਖ ਸਦਾ ਥਿਰੁ ਥੀਆ॥੧॥ ਰਹਾਉ॥
ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ ॥
ਕਾਗ ਬਤਨ ਬਿਸਟਾ ਮਹਿ ਵਾਸ ॥੨॥ (੮॥੭) (ਗਉੜੀ ਮ: ੫, ਪੰਨਾ ੨੩੯)

ਭਾਵਾਰਥ —ਸਿਮਰਨ ਬਿਹੂਣ ਮਾਨੁਖ ਦਾ ਜੀਵਨ ਐਸਾ ਹੈ, ਜੈਸੇ ਸੱਪ ਦੀ ਆਰਜਾ ਹੁੰਦੀ ਹੈ। ਸੱਪ ਦੀ ਉਮਰ ਬਹੁਤ ਲੰਮੀ, ਪਰ ਨਿਕੰਮੀ ਹੁੰਦੀ ਹੈ। ਏਸੇ ਤਰ੍ਹਾਂ ਨਾਮ ਸਿਮਰਨ ਤੋਂ ਹੀਣੇ ਮਨੁੱਖ ਦਾ ਜੀਵਨ ਬਿਰਥਾ ਹੀ ਜਾਂਦਾ ਹੈ। ਸ਼ਕਤੀ ਮਾਇਆ ਦੇ ਉਪਾਸ਼ਕ ਸਾਕਤ ਪੁਰਸ਼ ਨਾਮ ਨੂੰ ਵਿਸਾਰ ਕੇ ਸਾਰੀ ਉਮਰ ਸਾਕਤਪੁਣੇ ਅਤੇ ਮਨਮੁਖਤਾ ਵਿਚਿ ਹੀ ਗੁਜ਼ਾਰ ਦਿੰਦੇ ਹਨ। ਓਹਨਾਂ ਦਾ ਭੀ ਕੋਈ ਜੀਵਨ ਹੈ ਜੋ ਨਾਮ ਵਿਸਾਰ ਕੇ ਜੀਵੰਦੇ ਹਨ? ਗੁਰੂ ਦੀਖਸ਼ਾਏ ਗੁਰੂ ਦ੍ਰਿੜ੍ਹਾਏ ਗੁਰਮਤਿ ਨਾਮ ਦੇ ਸਿਮਰਨ ਵਿਚਿ ਜੋ ਪ੍ਰਾਣੀ ਇਕ ਨਿਮਖ ਮਾਤਰ ਭੀ ਜੀਵਿਆ ਹੈ, ਉਹ ਲੱਖਾਂ ਕ੍ਰੋੜਾਂ ਦਿਨਾਂ ਤਾਈਂ ਸਦਾ ਸਦ ਅਸਕਿਰ ਜੀਵਨਾ ਥੀਵਿਆ ਹੈ। ਪ੍ਰੰਤੂ ਸਿਮਰਨ ਤੋਂ ਸੁੰਵਾ ਪ੍ਰਾਣੀ ਜਿਤਨੇ ਭੀ ਕਰਮ ਕਰਦਾ ਹੈ, ਉਹ ਮਨੁੱਖ ਉਸ ਕਾਗ (ਕਾਉਂ) ਦੀ ਨਿਆਈਂ ਹੈ ਜਿਸ ਦਾ ਮੂੰਹ ਬਿਸ਼ਟਾ (ਗੰਦਗੀ) ਨਾਲਿ ਭਰਿਆ ਰਹਿੰਦਾ ਹੈ। ਨਾਮ ਸਿਮਰਨ ਤੋਂ ਸੁੰਵਾ ਮੁਖ ਮਨੁੱਖ ਦਾ ਕਾਗ ਚੁੰਜ-ਮੁਖਾ ਮੂੰਹ ਹੈ। ਜਿਸ ਵਿਚਿ ਹਰ ਦਮ ਵਿਸ਼ਟਾ ਹੀ ਭਰੀ ਰਹਿੰਦੀ ਹੈ ਚਾਹੇ ਉਹ ਕਿਤਨੇ ਹੀ ਕਰਮ ਕਰ ਲਵੇ, ਉਹ ਬਿਸ਼ਟਾ ਕਰਮੀ ਹੀ ਰਹਿੰਦਾ ਹੈ। ਸਿਮਰਨ ਬਿਹੂਣ ਉਸ ਦੇ ਕਰਮ ਬਿਖਵਾਤੀ ਕਰਮ ਹੀ ਰਹਿੰਦੇ ਹਨ।

ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ॥ ਕੋਟਿ ਕਰਮ ਕਰਤੋ ਨਰਕਿ ਜਾਵੈ ॥੫॥ (੮॥੧੦)
(ਗਉੜੀ ਮ: ੫, ਪੰਨਾ ੨੪੦)

ਜਿਸ ਦੀ ਹਿਰਦਿਓਂ ਗੁਰਮਤਿ ਨਾਮ ਦੇ ਨਾਲਿ ਸ਼ਰਧਾ ਭਾਵਨੀ ਵਾਲੀ ਪ੍ਰੀਤਿ ਨਹੀਂ ਲਗੀ ਅਤੇ ਜੋ ਗੁਰਮਤਿ ਨਾਮ ਅਭਿਆਸ ਕਮਾਈ ਵਿਚ ਤੱਤਪਰ ਨਹੀਂ ਹੋਇਆ, ਉਸਦੇ ਕ੍ਰੋੜਹਾਂ ਕ੍ਰੋੜ ਕਰਮ ਕੀਤੇ ਉਸ ਨੂੰ ਨਰਕਾਂ ਵਿਚਿ ਲੈ ਜਾਂਦੇ ਹਨ। ਆਨਮਤ ਕਰਮ ਭਾਵੇਂ ਕ੍ਰੋੜਹਾਂ ਕੋਈ ਕਰੇ, ਕਰਨੇਹਾਰੇ ਨੂੰ ਨਰਕਾਂ ਦਾ ਹੀ ਭਾਗੀ ਬਣਾਉਂਦੇ ਹਨ। ਬਿਨ ਸਿਮਰਨ ਕੱਖ ਭੀ ਕਰਮ ਸਹਾਈ ਨਹੀਂ ਹੁੰਦਾ। ਕੋਟਿ ਕਰਮ ਕਰਦਾ ਹੋਇਆ ਭੀ ਸਿੱਧਾ ਨਰਕਾਂ ਵਿਚ ਜਾਂਦਾ ਹੈ, ਆਨਮਤ ਕਰਮ ਕਰਨਹਾਰਾ।

ਰੇ ਮਨ ਬਿਨੁ ਹਰਿ ਜਹ ਰਚਹੁ ਤਹ ਤਹ ਬੰਧਨ ਪਾਹਿ॥ ਜਿਹ ਬਿਧਿ ਕਤਹੂ ਨ ਛੂਟੀਐ ਸਾਕਤ ਤੇਊ ਕਮਾਹਿ॥
ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ॥ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ॥
ਬਾਧੇ ਜਮ ਕੀ ਜੇਵਰੀ ਮੀਠੀ ਮਾਇਆ ਰੰਗ॥ ਭ੍ਰਮ ਕੇ ਮੋਹੇ ਨਹ ਬੁਝਹਿ ਸੋ ਪ੍ਰਭੁ ਸਦਹੂ ਸੰਗ॥
ਲੇਖੈ ਗਣਤ ਨ ਛੂਟੀਐ ਕਾਚੀ ਭੀਤਿ ਨ ਸੁਧਿ॥ਜਿਸਹਿ ਬੁਝਾਏ ਨਾਨਕਾ ਤਿਹ ਗੁਰਮੁਖਿ ਨਿਰਮਲ ਬੁਧਿ ॥੯॥
(ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੨)

ਵਿਆਖਿਆ —ਨਾਮ ਸਿਮਰਨ ਬਿਨਾਂ ਜਿਹੜੇ ਜਿਹੜੇ ਕਰਮ ਕਰਨ ਵਿਚ ਮਨ ਰਹਿੰਦਾ ਹੈ, ਤੇਤੇ ਕਰਮ ਬੰਧਨ ਰੂਪ ਹੋ ਜਾਂਦੇ ਹਨ। ਨਾਮ ਸਿਮਰਨ ਬਿਨਾਂ ਜਿੰਨੇ ਭੀ ਕਰਮ ਹਨ ਤਿੰਨ੍ਹਾਂ ਦੇ ਕਰਨ ਵਿਚ ਅਤੇ ਕਰਨਹਾਰੇ ਦੇ ਮਨ ਨੂੰ ਬੰਧਨ ਰੂਪੀ ਪੈਖੜ ਹੀ ਪੈਂਦੇ ਹਨ। ਮਾਦਾ-ਪ੍ਰਸਤ ਮਨਮੁਖ ਸਾਕਤ ਪੁਰਸ਼ ਜਦ ਕਰਦਾ ਹੈ ਤਦ



www.AKJ.Org

ਐਸੇ ਹੀ ਕਰਮ ਕਰਦਾ ਹੈ। ਜਦੋਂ ਭੀ ਕਮਾਈ ਕਰਦਾ ਹੈ ਤਾਂ ਤਿਨ੍ਹਾਂ ਹੀ ਕਰਮਾਂ ਦੀ ਕਮਾਈ ਕਰਦਾ ਹੈ ਜਿਨ੍ਹਾਂ ਦੇ ਕਰਨ ਕਰਕੇ ਬੰਧਨ ਐਸੇ ਪੈਂਦੇ ਹਨ ਕਿ ਬੰਧਨਾਂ ਵਿਚ ਹੀ ਜਕੜਿਆ ਜਾਂਦਾ ਹੈ। ਤਿਨ੍ਹਾਂ ਤੋਂ ਛੁਟਕਾਰਾ ਕਦੇ ਨਹੀਂ ਹੁੰਦਾ। ਨਾਮ ਸਿਮਰਨ ਤੋਂ ਬਿਨਾਂ ਜਿਤਨੇ ਭੀ ਕਰਮ ਹਨ ਤਿਨ੍ਹਾਂ ਦੇ ਕਰਨਹਾਰੇ ਓਹਨਾਂ ਕਰਮਾਂ ਵਿਚਿ ਰਚੇ ਮਿਚੇ ਹੋਏ, ਖੱਚਤ ਹੋਏ ਹਉਂ ਹਉਂ ਮੈਂ ਮੈਂ ਹੀ ਕਰਦੇ ਫਿਰਦੇ ਹਨ। ਤਿਨ੍ਹਾਂ ਦੀ ਹਉਮੈ ਹੀ ਵਧਦੀ ਹੈ। ਆਨ ਕਰਮਾਂ ਦੇ ਕਰਨ ਕਰਿ ਹਉਮੈ ਦਾ ਹੀ ਵਧੇਰਾ ਅਫਾਰਾ ਵਧਦਾ ਹੈ। ਨਾਮ ਨਾਲਿ ਪ੍ਰੀਤ ਰੁਚੀ ਨਾ ਹੋਣ ਕਰਕੇ ਜਿਹੜੇ ਭੀ ਕਰਮ ਸਾਕਤ ਪੁਰਸ਼ ਕਰਦਾ ਹੈ, ਸੋ ਸਭੇ ਵਿਕਾਰ ਰੂਪ ਹਨ। ਮੀਠੀ ਮਾਇਆ ਦੇ ਰੰਗ ਕਰੰਗੀ ਕੁਸੰਗ ਵਿਚਿ ਫਸੇ ਗ੍ਰਸੇ ਹੋਏ ਜਮ ਦੀ ਜੀਉੜੀ ਨਾਲਿ ਬੰਨ੍ਹੇ ਰਹਿੰਦੇ ਹਨ। ਜਮ ਜੀਉੜੀ ਨਾਲ ਬੰਨ੍ਹੇ ਹੀ ਚਲੇ ਜਾਣਗੇ। ਭ੍ਰਮ ਦੇ ਮੁੱਠਿਆਂ ਨੂੰ ਮਾਇਆ ਹੀ ਮਿਠੀ ਲਗਦੀ ਹੈ। ਦ੍ਰਿਸ਼ਟਮਾਨ ਪਦਾਰਥ ਹੀ ਮਿੱਠੇ ਲਗਦੇ ਹਨ। ਜਿੰਨ੍ਹਾਂ ਨੇ ਸੰਗਿ ਨਹੀਂ ਜਾਣਾ। ਏਥੇ ਹੀ ਰਹਿ ਜਾਣਾ ਹੈ। ਸਦਾ ਸੰਗਿ ਰਹਿਣ ਵਾਲੇ ਸਦਾ ਸੰਗਿ ਨਿਭਣ ਵਾਲੇ ਵਾਹਿਗੁਰੂ ਨੂੰ ਓਹ ਬੁਝਦੇ ਹੀ ਨਹੀਂ, ਬੁੱਝ ਹੀ ਨਹੀਂ ਸਕਦੇ, ਕਿਉਂਕਿ ਮੋਹ ਮਾਇਆ ਦੀ ਫਾਂਸ ਉਹਨਾਂ ਉਤੇ ਪਈ ਹੋਈ ਹੈ। ਇਸ ਕਰਕੇ ਓਹਨਾਂ ਦੀ ਮੱਤ ਮਾਰੀ ਹੀ ਰਹਿੰਦੀ ਹੈ। ਇਹ ਅਹਿਸਾਸ ਹੀ ਓਹਨਾਂ ਦੇ ਸਫੁਰਨ ਨਹੀਂ ਹੁੰਦਾ ਕਿ ਸਦਾ ਸੰਗੀ ਵਾਹਿਗੁਰੂ ਅੰਤਰਜਾਮੀ ਓਹਨਾਂ ਦੇ ਹਰ ਦਮ ਸਾਥ ਹੈ, ਓਹਨਾਂ ਦੇ ਕਰਮਾਂ ਕੁਕਰਮਾਂ ਨੂੰ ਪੇਖਦਾ ਪਰਖਦਾ ਹੈ। ਕਰਮਾਂ ਦਾ ਹਿਸਾਬ ਲੇਖਾ ਕੀਤਿਆਂ, ਲੇਖੇ ਦੀ ਗਿਣਤੀ ਮਿਣਤੀ ਕੀਤਿਆਂ, ਗਿਟੀਆਂ ਗਿਣਦਿਆਂ ਛੁਟਕਾਰਾ ਕਦੇ ਨਹੀਂ ਹੁੰਦਾ। ਹੋ ਹੀ ਨਹੀਂ ਸਕਦਾ। ਕਿਉਂਕਿ ਜਿਤਨੇ ਭੀ ਕਰਮ-ਕਾਂਡ ਕੀਤੇ ਜਾਂਦੇ ਹਨ, ਕਾਇਆਂ ਨੂੰ ਸੋਧਣ ਸਾਧਣ ਹਿਤ ਹੀ ਕੀਤੇ ਜਾਂਦੇ ਹਨ। ਪਰ ਇਹ ਕਾਇਆਂ ਨਿਰੀ ਕੱਚੀ ਕੰਧ ਹੈ। ਕਰਮ-ਕਾਂਡ ਨਾਲ ਸ਼ੁੱਧ ਨਹੀਂ ਹੁੰਦੀ। ਜਿਸ ਦੇ ਨਦਰ ਕਰੰਮੀ ਮੇਹਰ ਹੋ ਜਾਂਦੀ ਹੈ, ਤਿਸ ਦੀ ਬੁੱਧੀ ਗੁਰੂ ਨਾਨਕ ਨੂੰ ਮਿਲ ਕੇ ਨਿਰਮਲ ਹੋ ਜਾਂਦੀ ਹੈ ਅਤੇ ਨਿਰਮਲ ਕਰਮ ਕਰਨਹਾਰੀ ਹੋ ਜਾਂਦੀ ਹੈ। ਬਿਨਾਂ ਗੁਰੂ ਦੀ ਕਲਾ ਵਰਤੇ ਨਾ ਹੀ ਬੁੱਧੀ ਨਿਰਮਲ ਹੁੰਦੀ ਹੈ (ਕੁਬੁੱਧੀ ਹੀ ਰਹਿੰਦੀ ਹੈ) ਨਾ ਹੀ ਨਿਰਮਲ ਕਰਮਾਂ ਵਲ ਰੁਚੀ ਹੋਇ ਆਵੰਦੀ ਹੈ।

ਨਾਮ ਬਿਨਾ ਕੁਸਟੀ ਮੋਹੁ ਅੰਧਾ॥ ਸਭ ਨਿਹਫਲ ਕਰਮ ਕੀਏ ਦੁਖੁ ਧੰਧਾ॥੩॥
ਹਰਿ ਹਰਿ ਹਰਿ ਜਸੁ ਜਪੈ ਵਡਭਾਗੀ ॥ ਨਾਨਕ ਗੁਰਮਤਿ ਨਾਮਿ ਲਿਵ ਲਾਗੀ
॥੪॥੮॥੬੦॥ (ਆਸਾ ਮ: ੪, ਪੰਨਾ ੩੬੭)

ਨਾਮ-ਹੀਣੇ ਹਰੇਕ ਮਾਨੁੱਖ ਨੂੰ ਹਉਮੈ ਦਾ ਕੁਸ਼ਟ (ਕੋਹੜ) ਹੋਇਆ ਵਿਆ ਹੈ। ਹਰੇਕ ਮਨੁੱਖ ਨਾਮ ਬਿਨਾਂ ਮੇਰੀ ਮੇਰੀ ਦੀ ਮਮਤਾ ਦਾ ਅੰਨ੍ਹਾ ਕੀਤਾ ਹੋਇਆ ਹੈ। ਉਸ ਦੇ ਅਰਥਾਤ ਨਾਮ-ਹੀਣੇ ਮੀਣੇ ਮਾਨੁੱਖ ਦੇ ਸਭ ਕਰਮ ਕੀਤੇ ਨਿਹਫਲ ਹੀ ਜਾਂਦੇ ਹਨ। ਜਿਤਨੇ ਕਰਮ ਭੀ ਉਹ ਕਰਦਾ ਹੈ, ਓਹ ਸਭੇ ਕਰਮ ਦੁਖ ਧੰਧੇ ਵਾਲੇ ਹੀ ਹੁੰਦੇ ਹਨ। ਸੰਸਾਰੀ ਧੰਧਿਆਂ ਵਿਚ ਨਿਰਾ ਦੁਖ ਹੀ ਦੁਖ ਹੈ। ਕੋਈ ਵਡਿਭਾਗੀ ਹੀ ਐਸਾ ਜਨ ਹੁੰਦਾ ਹੈ ਜਿਸਦਾ ਮੁਖ-ਪਰਯੋਜਨੀ ਕੰਮ (ਕਰਮ) ਨਾਮ ਜਪਣਾ ਅਤੇ ਨਾਮ ਜਸ ਗਾਉਣਾ, ਸਿਫਤਿ ਸਲਾਹ ਕਰਨਾ ਹੁੰਦਾ ਹੈ। ਗੁਰੂ ਨਾਨਕ ਦੇ ਘਰ ਤੋਂ ਪ੍ਰਾਪਤਿ ਹੋਏ ਗੁਰਮਤਿ ਨਾਮ ਦੇ ਅਭਿਆਸ ਕੀਤਿਆਂ, ਗੁਰਮਤਿ ਨਾਮ ਰੂਪੀ ਕਰਮ ਕਾਰ ਕੀਤਿਆਂ ਹੀ ਸਦਗਤੀ ਹੁੰਦੀ ਹੈ, ਕਿਉਂਕਿ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੇ ਪਰਤਾਪ ਨਾਲਿ ਮਾਇਆ-ਬੰਧਨ ਤੁਟ ਕੇ ਇਕ ਨਾਮ ਨਾਲ ਹੀ ਲਿਵ ਲੱਗ ਜਾਂਦੀ ਹੈ। ਜਿਉਂ ਲਗਦੀ ਹੈ, ਫੇਰ ਲਗੀ ਹੀ ਰਹਿੰਦੀ ਹੈ। ਮਾਇਆ ਮੋਹ ਅਤੇ ਮੈਂ-ਮੇਰੀ ਦੀ ਮਮਤਾ ਉਸ ਦੀ ਬਿਰਤੀ ਉਤੇ ਪ੍ਰਬਲ ਨਹੀਂ ਪੈਂਦੀ।

ਬੇਦ ਪੁਰਾਨ ਸਿੰਮ੍ਰਿਤਿ ਸਭਿ ਖੋਜੇ ਕਹੂ ਨ ਊਬਰਨਾ॥
ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ ॥੪॥੫॥
(ਆਸਾ ਕਬੀਰ ਜੀ ਪੰਨਾ ੪੭੭)

ਬੇਦ ਪੁਰਾਨ ਸਿਮ੍ਰਿਤੀਆਂ ਦੇ ਆਨਮਤਿ ਪੁਸਤਕ ਘੋਖ ਘੋਖ ਕੇ ਦੇਖੇ। ਏਹਨਾਂ ਆਨਮਤ ਪੁਸਤਕਾਂ ਦੇ ਅਨੁਸਾਰੀ ਕਰਮ ਕੀਤਿਆਂ ਕਿਸੇ ਭੀ ਕਰਮ ਦੁਆਰਾ ਪ੍ਰਾਣੀ ਦਾ ਪਾਰ-ਉਤਾਰਾ ਨਹੀਂ ਹੁੰਦਾ। ਕੇਵਲ ਗੁਰਮਤਿ


www.AKJ.Org

ਨਾਮ ਜਪਿਆਂ ਹੀ ਬੰਦ-ਖਲਾਸੀ ਹੁੰਦੀ ਹੈ ਅਤੇ ਜਨਮ ਮਰਨ ਦੀ ਫਾਂਸੀ ਕਟੀਦੀ ਹੈ ਅਤੇ ਆਵਾਗਵਨੀ ਗੇੜ ਵਾਲੀ ਚੁਰਾਸੀ ਮਿਟਦੀ ਹੈ।

ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ।।
ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ।।੪।।
।।੧।।੬।।੮।। (ਧਨਾਸਰੀ ਮ: ੧, ਪੰਨਾ ੬੬੩)

ਅਰਥ ਬੋਧ ਲਿਖਣ ਵਾਲੇ ਅਠੇ ਅੰਗ ਵਿਆਕਰਣ ਆਦਿ ਸਾਰੇ ਸਾਮਾਨ ਇਕੱਤਰ ਕਰ ਕੇ ਪੁਰਾਣਾਂ ਨੂੰ ਬਥੇਰਾ ਵੀਚਾਰਿਆ ਗਿਆ ਅਤੇ ਬਥੇਰਿਆਂ ਨੇ ਪੁਰਾਣਾਂ ਨੂੰ ਸੋਧਿਆ ਵੀਚਾਰਿਆ ਅਤੇ ਬਥੇਰਿਆਂ ਨੇ ਬੇਦਾਂ ਦਾ ਅਭਿਆਸ ਕੀਤਾ ਅਤੇ ਬੇਦਾਚਾਰੀ ਪੁਰਾਣਾਚਾਰੀ ਬਥੇਰੇ ਕਰਮ ਕੀਤੇ, ਪਰ ਇਹਨਾਂ ਪੁਰਾਣਾਚਾਰੀ ਬੇਦਾਚਾਰੀ ਕਰਮਾਂ ਦੇ ਕਰਨ ਕਰਿ ਅਜ ਤਾਈਂ ਕਿਸੇ ਦੀ ਗਤਿ ਮੁਕਤਿ ਨਹੀਂ ਹੋਈ ਅਤੇ ਨਾ ਹੋਵੇਗੀ। ਗੁਰੂ ਨਾਨਕ ਸਾਹਿਬ ਆਪ ਆਪਣੇ ਮੁਖਾਰਬਿੰਦ ਤੋਂ ਫ਼ੁਰਮਾਉਂਦੇ ਹਨ ਕਿ ਬੇਦਾਂ ਆਦਿ ਦੇ ਆਨਮਤਿ ਧਰਮ ਪੁਸਤਕਾਂ ਦਾ ਪੜ੍ਹਨਾ ਵੀਚਾਰਨਾ ਅਤੇ ਇਹਨਾਂ ਅਨੁਸਾਰੀ ਕਰਮਾਂ ਦਾ ਅਭਿਆਸ ਕਰਨਾ ਬਿਲਕੁਲ ਬੇਫ਼ਾਇਦਾ ਹੈ। ਗੁਰਮਤਿ ਨਾਮ ਬਿਨਾਂ ਕਿਸੇ ਦੀ ਮੁਕਤੀ ਨਾ ਹੋਈ ਤੇ ਨਾ ਹੋਵੇਗੀ।

ਘੋਖੇ ਮੁਨਿ ਜਨ ਸਿੰਮ੍ਰਿਤਿ ਪੁਰਾਨਾਂ ਬੇਦ ਪੁਕਾਰਹਿ ਘੋਖ।।
ਕ੍ਰਿਪਾਸਿੰਧੁ ਸੇਵਿ ਸਚੁ ਪਾਈਐ ਦੋਵੈ ਸੁਹੇਲੇ ਲੋਕ।।੧।।
ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ।।
ਨਾਨਕ ਜਨਮ ਮਰਣ ਭੈ ਕਾਟੇ ਮਿਲਿ ਸਾਧੂ ਬਿਨਸੇ ਸੋਕ ।।੨।।
।।੧੯।।੫੦।। (ਧਨਾਸਰੀ ਮ: ੫, ਪੰਨਾ ੬੮੨)

ਭਾਵ ਅਰਥ – ਰਿਸ਼ੀਆਂ ਮੁਨੀਆਂ ਜਨਾਂ ਦੀਆਂ ਬਣਾਈਆਂ ਸਿਮ੍ਰਿਤੀਆਂ ਘੋਖ ਘੋਖ ਕੇ (ਬੜੇ ਗਹੁ ਨਾਲਿ) ਲੋਕਾਂ ਨੇ ਪੜ੍ਹੀਆਂ ਅਤੇ ਪੁਰਾਣ ਭੀ ਘੋਟਾ ਲਾ ਕੇ ਕੰਠਾਗਰ ਕਰ ਕੇ ਪੜ੍ਹੇ। ਬਥੇਰਿਆਂ ਪੰਡਤਾਂ ਬੇਦ-ਵੇਤਿਆਂ ਨੇ ਬ੍ਰਹਮਾ ਦੇ ਬਣਾਏ ਹੋਏ ਬੇਦ ਭੀ ਘੋਟ ਘੋਟ ਕੇ ਪੜ੍ਹੇ ਪੁਕਾਰੇ ਅਤੇ ਹੁਣ ਭੀ ਬੇਦ-ਵਿਦਿਆ ਨੂੰ ਲੋਗ ਪੁਕਾਰ ਪੁਕਾਰ ਕੇ ਪੜ੍ਹਦੇ ਹਨ, ਪਰ ਏਹਨਾਂ ਸਿਮ੍ਰਿਤੀਆਂ ਪੁਰਾਣਾਂ ਅਤੇ ਬੇਦਾਂ ਦੇ ਘੋਖਣ ਨਾਲਿ ਕੁਛ ਨਾ ਬਣਿਆ, ਨਾ ਕੁਛ ਬਣਦਾ ਹੈ, ਨਾ ਬਣੇਗਾ। ਬਣੇਗਾ ਤਾਂ ਕਿਰਪਾ-ਸਾਗਰ ਵਾਹਿਗੁਰੂ ਦੀ ਸਿਮਰਨ ਰੂਪੀ ਸੇਵਾ ਕੀਤਿਆਂ ਬਣੇਗਾ। ਜਿਸ ਦੇ ਸਿਮਰਨ ਸੇਵਨ ਕਰਕੇ ਹਲਤ ਪਲਤ ਦੋਵੇਂ ਲੋਕ ਸੁਹੇਲੇ ਹੁੰਦੇ ਹਨ। ਵਾਹਿਗੁਰੂ-ਸਿਮਰਨ ਤੋਂ ਬਿਨਾਂ ਹੋਰ ਕ਼ਰਮ ਆਚਾਰ ਬਿਉਹਾਰੀ ਜੋ ਕਰਨੀਆਂ ਕਰਮ-ਕਾਂਡੀ ਕਰਤੂਤਾਂ ਹਨ, ਸੋ ਸਭੇ ਹੀ ਫੋਕੀਆਂ ਹਨ। ਸਤਿਗੁਰੂ ਨਾਨਕ ਰੂਪ ਸੱਚੇ ਗੁਰ ਸਾਧ ਨੂੰ ਮਿਲਿਆਂ ਸਾਰੇ ਹੀ ਸੋਗ ਵਿਜੋਗ ਤੇ ਰੋਗ ਬਿਨਸ ਜਾਂਦੇ ਹਨ ਅਤੇ ਜਨਮ ਜਨਮ ਦੇ ਭੈ ਕਟੇ ਜਾਂਦੇ ਹਨ। ਸਿਮਰਨ-ਹੀਣ ਕਿਸੇ ਭੀ ਕਰਮ ਕਰਤੂਤ ਕਰਨੀ ਕੀਤਿਆਂ ਕੁਛ ਨਹੀਂ ਬਣਦਾ ਤੇ ਕੁਛ ਨਹੀਂ ਸਰਦਾ।

ਜਾ ਮੈ ਭਜਨੁ ਰਾਮ ਕੋ ਨਾਂਹੀ।।ਤਿਹ ਨਰ ਜਨਮੁ ਅਕਾਰਥ ਖੋਇਆ ਯਹ ਰਾਖਹੁ ਮਨ ਮਾਹੀ ।।੧।। ਰਹਾਉ।।
ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ।।
ਨਿਹਫਲ ਧਰਮੁ ਤਾਹਿ ਤੁਮ ਮਾਨੋ ਸਾਚੁ ਕਹਤ ਮੈ ਯਾ ਕਉ।।੧।।
ਜੈਸੇ ਪਾਹਨਿ ਜਲ ਮਹਿ ਰਾਖਿਓ ਭੇਦੈ ਨਾਹਿ ਤਿਹਿ ਪਾਨੀ।।
ਤੈਸੇ ਹੀ ਤੁਮ ਤਾਹਿ ਪਛਾਨੋ ਭਗਤਿ ਹੀਨ ਜੋ ਪ੍ਰਾਨੀ।।੨।।
ਕਲਿ ਮੈ ਮੁਕਤਿ ਨਾਮ ਤੇ ਪਾਵਤ ਗੁਰ ਯਹ ਭੇਦੁ ਬਤਾਵੈ ।।
ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ ।।੩।।੩।।
(ਬਿਲਾਵਲ ਮ: ੯, ਪੰਨਾ ੮੩੧)

ਭਾਵ ਅਰਥ– ਜਿਸ ਪ੍ਰਾਣੀ ਦੇ ਹਿਰਦੇ ਅੰਦਰਿ ਰਮਤ ਰਾਮ, ਸਰਬਤ੍ਰ ਰਮ ਰਹੇ ਪ੍ਰਮਾਤਮਾ ਵਾਹਿਗੁਰੂ


www.AKJ.Org

ਦਾ ਭਜਨ ਨਹੀਂ ਹੈ, ਤਿਸ ਨਰ ਪ੍ਰਾਣੀ ਨੇ ਆਪਣਾ ਮਨੁੱਖਾ ਜਨਮ ਬੇਅਰਥ ਹੀ ਗਵਾ ਲਿਆ ਹੈ। ਇਸ ਗੱਲ ਦੀ ਨਿਸਚੇ ਕਰਕੇ ਮਨ ਅੰਦਰਿ ਗੰਢ ਬੰਨ੍ਹ ਲਵੋ। (ਇਸ ਵਿਚ ਰੰਚਕ ਭੀ ਸੰਦੇਹ ਨਹੀਂ) ਜਿਸ ਪ੍ਰਾਣੀ ਦਾ ਮਨ ਖਿੰਡਿਆ ਫਿਰਦਾ ਹੈ, ਵਸ ਵਿਚ ਨਹੀਂ ਰਹਿੰਦਾ, ਉਸ ਦੇ ਤੀਰਥ ਕਰਮ ਤੇ ਬ੍ਰਤ ਆਦਿਕ ਰਖਣ ਵਾਲੇ ਕਰਮ ਸਭ ਬਿਰਥੇ ਹਨ। ਏਹਨਾਂ ਕਰਮਾਂ ਦੇ ਕੀਤਿਆਂ ਮਨ ਦਾ ਖਿੰਡਾਉ ਨਹੀਂ ਹਟਦਾ, ਨਾ ਹੀ ਮਨ ਵੱਸ ਵਿਚ ਆਉਂਦਾ ਹੈ। ਉਸਦੇ ਉਕਤ ਤੀਰਥਾਇ ਕਰਮ ਕੀਤੇ ਸਭੇ ਹੀ ਨਿਸਫਲ ਹਨ। ਏਹਨਾਂ ਕਰਮਾਂ ਦੇ ਫਲ ਕੋਈ ਭੀ ਨਹੀਂ। ਇਹ ਬਾਤ ਸੋਲ੍ਹਾਂ ਆਨੇ ਸੱਚੀ ਨਿਰੋਲ ਸੱਚੀ ਆਖੀ ਹੈ ਸਤਿਗੁਰੂ ਨੇ, ਸਤਿਗੁਰੂ ਗੁਰੂ ਨੌਵੀਂ ਪਾਤਸ਼ਾਹੀ ਨੇ। ਜਿਵੇਂ ਪੱਥਰ ਨੂੰ ਪਾਣੀ ਵਿਚ ਰਖਿਆਂ ਪਾਣੀ ਉਸ ਦੇ ਅੰਦਰਿ ਪਰਵੇਸ਼ ਨਹੀਂ ਹੁੰਦਾ, ਤੈਸੇ ਹੀ ਭਗਤੀ ਹੀਣ ਪ੍ਰਾਣੀ ਦੀ ਇਹ ਪਛਾਣ ਹੈ ਕਿ ਉਸ ਦੇ ਕਰਮ ਧਰਮ ਕੀਤੇ ਸਭ ਨਿਹਫਲ ਹਨ, ਕਿਉਂਕਿ ਓਹ ਉਸ ਨੂੰ ਪੋਹਦੇ ਹੀ ਨਹੀਂ। ਸਤਿਗੁਰੂ ਨਾਨਕ ਨੌਵੇਂ ਗੁਰੂ ਪਾਤਸ਼ਾਹ ਇਹ ਤੱਤ ਭੇਦ ਵਾਲੀ ਬਾਤ ਭਾਖ ਕੇ ਫ਼ੁਰਮਾਉਂਦੇ ਹਨ ਕਿ ਕਲਜੁਗ ਅੰਦਰਿ ਕਲਿਆਣ ਮੁਕਤੀ ਕੇਵਲ ਨਾਮ ਦੇ ਸਿਮਰਨ ਤੋਂ ਹੀ ਮਿਲਦੀ ਹੈ (ਅਤੇ ਨਾਮ ਗੁਰੂ ਤੋਂ, ਗੁਰੂ ਨਾਨਕ ਦੇਵ ਤੋਂ ਮਿਲਦਾ ਹੈ) ਸੋਈ ਨਰ ਪ੍ਰਾਣੀ ਤੱਤ ਗੌਰਵਤਾ ਵਾਲਾ ਗੰਭੀਰ (ਗਰੂਆ) ਹੈ ਜਿਸਦਾ ਕਿੱਤਾ ਹੀ ਪ੍ਰਭੂ ਪਰਮਾਤਮਾ ਦੇ ਗੁਣ ਗਾਉਣ ਦਾ ਹੈ।

ਨਾਮ ਬਿਨਾ ਸਭੁ ਝੂਠੁ ਪਰਾਨੀ॥
ਗੋਵਿਦ ਭਜਨ ਬਿਨੁ ਅਵਰ ਸੰਗਿ ਰਾਤੇ ਤੇ ਸਭਿ ਮਾਇਆ ਮੂਠੁ ਪਰਾਨੀ॥੧॥ ਰਹਾਉ॥
ਤੀਰਥ ਨਾਇ ਨ ਉਤਰਸਿ ਮੈਲੁ॥ ਕਰਮ ਧਰਮ ਸਭਿ ਹਉਮੈ ਫੈਲੁ॥
ਲੋਕ ਪਚਾਰੈ ਗਤਿ ਨਹੀ ਹੋਇ॥ ਨਾਮ ਬਿਹੂਣੇ ਚਲਸਹਿ ਰੋਇ॥੨॥
ਬਿਨੁ ਹਰਿ ਨਾਮ ਨ ਟੂਟਸਿ ਪਟਲ॥ ਸੋਧੇ ਸਾਸਤ੍ਰ ਸਿਮ੍ਰਿਤਿ ਸਗਲ॥
ਸੋ ਨਾਮੁ ਜਪੈ ਜਿਸੁ ਆਪਿ ਜਪਾਏ॥ ਸਗਲ ਫਲਾ ਸੇ ਸੂਖਿ ਸਮਾਏ ॥੩॥

(੪॥੧੩॥੨੪) (ਰਾਮਕਲੀ ਮ: ੫, ਪੰਨਾ ੮੯੦)

ਭਾਵ ਅਰਥ – ਹੇ ਪ੍ਰਾਣੀ ਨਾਮ ਬਿਨਾਂ ਜੋ ਕਰਮ-ਪਸਾਰਾ ਜਗਤ ਵਿਖੇ ਵਰਤ ਰਿਹਾ ਹੈ, ਸਭ ਝੂਠਾ ਹੈ। ਨਿਰਾ ਹੀ ਝੂਠ ਹੈ। ਜਿਹੜੇ ਲੋਗ ਗੋਬਿੰਦ ਦਾ ਭਜਨ ਛਡ ਕੇ ਹੋਰਨਾਂ ਕਰਮਾਂ-ਕਾਂਡਾਂ ਵਿਖੇ ਰੱਤੇ ਮੱਤੇ ਹੋਏ ਹਨ ਓਹ ਪ੍ਰਾਣੀ ਸਭਿ ਮਾਇਆ ਦੇ ਮੁੱਠੇ ਹੋਏ ਹਨ। ਤੀਰਥ ਨਾਉਣ ਦਾ ਜੋ ਲੋਕਾਚਾਰੀ ਕਰਮ ਹੈ, ਇਹ ਬਿਰਥਾ ਹੈ, ਕਿਉਂਕਿ ਤੀਰਥ ਨ੍ਹਾਤਿਆਂ ਮੈਲ ਨਹੀਂ ਉਤਰਦੀ। ਏਸੇ ਤਰ੍ਹਾਂ ਹੋਰ ਜਿਤਨੇ ਭੀ ਆਨਮਤ ਕਰਮ ਧਰਮ ਹਨ, ਸਭਿ ਹਉਮੈ ਦਾ ਹੀ ਫੈਲਾਉ-ਪਸਾਰਾ ਤੇ ਬਫਣ-ਬਫਾਰਾ ਹਨ। ਏਹਨਾਂ ਆਨਮਤਿ ਕਰਮਾਂ ਧਰਮਾਂ ਦੇ ਕੀਤਿਆਂ ਹਉਮੈ ਦਾ ਅਫਰੇਮਾਂ (ਅਫਾਰਾ) ਸਗੋਂ ਹੋਰ ਵਧਦਾ ਹੈ। ਲੋਕਾਂ ਨੂੰ ਪਰਾਚਾਉਣ ਵਾਲੇ ਲੋਕਾਚਾਰੀ ਕਰਮ ਕੀਤਿਆਂ ਕਿਸੇ ਦੀ ਗਤੀ ਨਹੀਂ ਹੁੰਦੀ। ਨਾਮ ਬਿਹੂਣ ਕਰਮ ਕਰਨ ਵਾਲੇ ਜਿਹੜੇ ਭੀ ਲੋਗ ਜਗ ਵਿਖੇ ਹੋਏ ਹਨ ਜਾਂ ਹੋਣਗੇ, ਓਹ ਸਭੇ ਹੀ ਰੋ ਕੇ ਹੱਥ ਧੋ ਕੇ ਖ਼ਾਲੀ ਹਥੀਂ ਜੱਗ ਤੋਂ ਚਲੇ ਜਾਣਗੇ, ਪਛੋਤਾਂਦੇ ਤੇ ਰੋਂਦੇ ਰਵਾਂਦੇ ਹੀ ਚਲੇ ਜਾਣਗੇ। ਨਾਮ ਤੋਂ ਬਿਨਾਂ ਭਰਮ ਦੇ ਛਉੜ ਕਿਸੇ ਦੇ ਨਹੀਂ ਕੱਟੇ ਜਾਂਦੇ। ਕੱਟੇ ਜਾ ਸਕਦੇ ਹੀ ਨਹੀਂ। ਭਰਮ ਦੇ ਪੜਦੇ ਖੋਲ੍ਹਣਹਾਰਾ ਹੈ ਤਾਂ ਸਤਿਗੁਰੂ ਗੁਰੂ ਨਾਨਕ ਦੇਵ ਦਾ ਗੁਰੂ ਘਰਾਣਾ ਹੀ ਹੈ। ਨਹੀਂ ਤਾਂ ਹੋਰ ਕਿਸੇ ਮੱਤ-ਮਤਾਂਤਰੀ ਕਰਮ ਧਰਮ ਦੁਆਰਾ ਇਹ ਛਉੜ ਨਹੀਂ ਕੱਟੇ ਜਾਂਦੇ ਤੇ ਇਹ ਪੜਦੇ ਭਰਮ ਦੇ ਨਹੀਂ ਖੁਲ੍ਹਦੇ। ਸਿਮ੍ਰਿਤੀਆਂ ਤੇ ਸ਼ਾਸਤ੍ਰ ਸਭਿ ਸੋਧ ਸੋਧ ਕੇ ਪੜਤਾਲੇ ਗਏ ਹਨ। ਕਿਸੇ ਭੀ ਸਿਮ੍ਰਿਤਿ ਸਾਸਤ੍ਰ ਦੇ ਪੜ੍ਹਿਆਂ ਘੋਖਿਆਂ ਕਰਮੋਖਿਆਂ ਭਰਮ ਅਗਿਆਨ ਦੇ ਪੜਦੇ ਨਹੀਂ ਲਥਦੇ(ਲਹਿੰਦੇ)। ਨਾਮ ਜਪਣ ਦੀ ਪਰਮਾਰਥੀ ਕਾਰ ਵਿਚਿ ਸੋਈ ਜਨ ਲਗਦਾ ਹੈ, ਜਿਸਨੂੰ ਆਪ ਕਰਮ-ਬਿਧਾਤਾ ਵਾਹਿਗੁਰੂ ਆਪਣੀ ਕਿਰਪਾ ਕਰਿ ਨਾਮ ਜਪਾਉਣ ਲਾਵੇ। ਤਿਸ ਨਾਮ ਜਪਣ ਵਾਲੇ ਜਨ ਨੂੰ ਸਰਬ ਫਲਾ ਪਰਦਾਤਨੀ ਲੱਭਤਾ ਹੁੰਦੀ ਹੈ। ਸੋਈ ਜਨ ਸੱਚੇ ਆਤਮਕ ਪਰਮਾਤਮਕ ਸੁਖ ਵਿਚ ਜਾਇ ਸਮਾਉਂਦਾ ਹੈ।

(ਚਲਦਾ)



www.AKJ.Org

## ਕੀਰਤਨ ਸਰਗਰਮੀਆਂ

ਮੋਹਾਲੀ :– ਗੁਰੂ ਸਵਾਰੇ ਗੁਰਪੁਰਵਾਸੀ ਭਾਈ ਸੰਤ ਸਿੰਘ ਜੀ ਸਾਲਾਨਾ ਯਾਦ ਮਨਾਉਂਦਿਆਂ ਹੋਇਆ ਤਿਨ੍ਹਾਂ ਦੇ ਗ੍ਰਹਿ 7 ਫੇਸ ਵਿਚ ੨੭ ਤੋਂ ੨੯ ਅਗਸਤ ਤਕ ਸ੍ਰੀ ਅਖੰਡ ਪਾਠ ਸਮਾਗਮ ਰਚਾਏ ਗਏ ੨੯ ਅਗਸਤ ਐਤਵਾਰ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਉਪ੍ਰੰਤ ਦੁਪਹਿਰ ਤੱਕ ਕੀਰਤਨ ਸਮਾਗਮ ਰਚਾਏ ਗਏ ਜਿਸ ਵਿਚ ਮੋਹਾਲੀ ਚੰਡੀਗੜ ਤੋਂ ਇਲਾਵਾ ਪਟਿਆਲਾ, ਲੁਧਿਆਣਾ ਅੰਬਾਲਾ ਅਤੇ ਹੋਰ ਕਈ ਸ਼ਹਿਰਾਂ ਤੋਂ ਸੰਗਤਾਂ ਨੇੜੇ ਤੇੜੇ ਪਹੁੰਚ ਕੇ ਹਾਜ਼ਰੀ ਲਗਾਈ ਤੇ ਗੁਰਬਾਣੀ ਕੀਰਤਨ ਦੇ ਆਨੰਦ ਮਾਣੇ।

ਬਟਾਲਾ :– ਗੁਰੂ ਨਾਨਕ ਦੇਵ ਜੀ ਦੇ ਵਿਆਹਪੁਰਬ ਦਾ ਸਾਲਾਨਾ ਸਮਾਗਮ ਇਸ ਵਾਰ ਵੀ 18 ਸਤੰਬਰ ਗੁਰੂ ਨਾਨਕ ਦੇਵ ਅਕੈਡਮੀ ਬਟਾਲਾ ਵਿਖੇ ਸਮੂਹ ਸੰਗਤਾਂ ਵੱਲੋਂ ਧੂਮ ਧਾਮ ਨਾਲ ਮਨਾਇਆ ਗਿਆ। ਨੇੜੇ ਤੇੜੇ ਹੋਰ ਥਾਵਾਂ ਤੇ ਵੀ ਕਈ ਸਮਾਗਮ ਹੋਣ ਦੇ ਬਾਵਜੂਦ ਸੰਗਤਾਂ ਹੁਮ-ਹੁਮਾ ਕੇ ਸਮਾਗਮ ਅਸਥਾਨ ਤੇ ਪਹੁੰਚੀਆਂ ਅਤੇ ਫਗਵਾੜਾ, ਲੁਧਿਆਣਾ ਮੋਹਾਲੀ, ਗੁਰਦਾਸਪੁਰ ਅਤੇ ਹੋਰ ਕਈ ਸ਼ਹਿਰਾਂ ਤੋਂ ਪਹੁੰਚੇ ਹੋਏ ਕੀਰਤਨੀਏ ਵੀਰ ਭੈਣਾਂ ਨੇ ਸਾਰੀ ਰਾਤ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਨਾਲ ਨਿਹਾਲ ਕੀਤਾ।

## ਜ਼ਰੂਰੀ ਬੇਨਤੀ

ਸਾਰੇ ਸ਼ਹਿਰਾਂ ਦੀਆਂ ਸੰਗਤਾਂ ਆਪੋ ਆਪਣੇ ਇਲਾਕਿਆਂ ਵਿਚ ਆਉਂਦੇ ਦਿਨਾਂ ਵਿਚ ਹੋਣ ਵਾਲੇ ਅਤੇ ਪਿਛਲੇ ਦਿਨੀਂ ਹੋ ਚੁਕੇ ਲੋਕਲ ਅਤੇ ਕੇਂਦਰੀ ਸਮਾਗਮਾਂ ਦੀ ਸੂਚਨਾ ਹਰ ਮਹੀਨੇ 10 ਤ੍ਰੀਕ ਤੱਕ ਸੂਰਾ ਦਫ਼ਤਰ ਮਾਰਫ਼ਤ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਭੇਜ ਦਿਉ ਜੀ ਤਾਂ ਕਿ ਉਸ ਨੂੰ ਯੋਗ ਥਾਂ ਤੇ ਛਾਪਿਆ ਜਾ ਸਕੇ ਜੀ।

---

(ਪੰਨਾ ੪੦ ਦਾ ਬਾਕੀ)

## ਯੂ. ਕੇ ਦੇ ਬਾਕੀ ਪ੍ਰੋਗਰਾਮ

ਕੀਰਤਨ ਹੋਣਗੇ। ਦੁਨੀਆ ਭਰ ਦੇ ਸਮੂਹ ਜੱਥੇ ਦੇ ਮੈਂਬਰਾਂ ਨੂੰ ਬੇਨਤੀ ਹੈ ਕਿ ਨਨਕਾਣਾ ਸਾਹਿਬ ਦੇ ਸਮਾਗਮ ਤੇ ਵੱਧ ਚੜ੍ਹ ਕੇ ਹਾਜ਼ਰੀਆਂ ਭਰੋਂ ਜੀ। ਯਾਤਰਾ ਦੀ ਪੂਰੀ ਜਾਣਕਾਰੀ ਲਈ ਭਾਈ ਓਅੰਕਾਰ ਸਿੰਘ ਜੀ ਟੈਲੀਫੋਨ 01753572737 ਭਾਈ ਅਮਨਦੀਪ ਸਿੰਘ ਜੀ 01215586473 ਦੇ ਸੰਪਰਕ ਕਰੋ ਜੀ।

5. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਸਬੰਧ ਵਿਚ ਨੈਸ਼ਨਲ ਪੱਧਰ ਤੇ ਮਾਸਿਕ ਰੈਣਿ ਸਬਾਈ ਕੀਰਤਨ ਸ਼ਨੀਵਾਰ ੨੭ ਨਵੰਬਰ ਨੂੰ ਸਲੋਹ ਵਿਖੇ, ਜਿਸ ਵਿਚ ਦੇਸਾਂ ਵਿਦੇਸ਼ਾਂ ਚੋਂ ਕੀਰਤਨੀ ਭਾਗ ਲੈਣਗੇ। ਅੰਮ੍ਰਿਤ ਸੰਚਾਰ ਵੀ ਹੋਵੇਗਾ। GURDWARA SINGH SABHA SHEEHY WAY, SLOUGH BERKS ਵਿਖੇ ਵਧੇਰੇ ਜਾਣਕਾਰੀ ਭਾਈ ਹਰਦੀਪ ਸਿੰਘ 01753 530624 ਬ੍ਰਮਿੰਘਮ ਤੋਂ ਕੋਚ ਚਲੇਗੀ ਜਾਣਕਾਰੀ ਭਾਈ ਅਮਨਦੀਪ ਸਿੰਘ 07970 846544 ਬਰੈਡਫੋਰਡ ਤੋਂ ਕੋਚ ਚਲੇਗੀ ਜਾਣਕਾਰੀ ਭਾਈ ਗੁਰਵਿੰਦਰ ਸਿੰਘ 0976 923901

---

| ਸੂਰਾ ਸਹਾਇਤਾ ਫੰਡ ਲਈ ਪੁਜੀ ਸਹਾਇਤਾ | | ਫ੍ਰੀ ਲਿਟਰੇਚਰ ਫੰਡ | |
|---|---|---|---|
| ਗੁਪਤ - | 60/- | ਰਾਜਿੰਦਰ ਸਿੰਘ ਲੁਧਿਆਣਾ | 50/- |
| ਹਰਿੰਦਰ ਸਿੰਘ ਨਵਾਂ ਸ਼ਹਿਰ | 10/- | ਗੁਪਤ- | 100/- |
| ਮਨਦੀਪ ਕੌਰ ਲੁਧਿਆਣਾ | 50/- | ਮਨਧੀਰ ਸਿੰਘ ਲੁਧਿਆਣਾ- | 100/- |
| ਗੁਪਤ- | ੨0/- | ਜਗਜੀਤ ਸਿੰਘ | 50/- |
| ਅਖੰਡ ਕੀਰਤਨੀ ਜੱਥਾ ਯੂ. ਕੇ | 14000/- | ਰੁਪਿੰਦਰ ਸਿੰਘ ਸਰਹੰਦ | 51/- |
| ਗੁਪਤ - | 100/- | | |

---

ਸੂਰਾ ਮਾਸਿਕ ਪੱਤਰ ਅਤੇ ਹੋਰ ਗੁਰਮਤਿ ਸਾਹਿਤ ਨੂੰ ਰੱਦੀ ਵਿਚ ਨਾ ਵੇਚੋ ਜੀ ਸਗੋਂ ਹੋਰਨਾਂ ਲੋੜਵੰਦਾ ਨੂੰ ਪੜ੍ਹਨ ਲਈ ਦੇ ਕੇ ਗੁਰਮਤਿ ਪ੍ਰਚਾਰ ਵਿਚ ਯੋਗਦਾਨ ਪਾਉ।



www.AKJ.Org

## ਆਉਣ ਵਾਲੇ ਕੀਰਤਨ ਸਮਾਗਮ

### ਫਗਵਾੜਾ ਵਿਖੇ ਰੈਣਿ ਸਬਾਈ ਅਖੰਡ ਕੀਰਤਨ ਸਮਾਗਮ

ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇਤਿਹਾਸਕ ਅਸਥਾਨ ਗੁ: ਸੁਖਚੈਨਆਣਾ ਸਾਹਿਬ ਨੇੜੇ ਚੁੰਗੀ ਬੰਗਾ ਰੋਡ ਫਗਵਾੜਾ ਵਿਖੇ ੯ ਅਕਤੂਬਰ ਸ਼ਨੀਵਾਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ। ਆਇ ਦੀਦਾਰ ਬਖਸ਼ੋ ਜੀ।

### ਦੋਰਾਹਾ ਵਿਖੇ ਅਖੰਡ ਕੀਰਤਨ ਸਮਾਗਮ

ਗੁ: ਸ੍ਰੀ ਗੁਰੂ ਸਿੰਘ ਸਭਾ ਨੇੜੇ ਰੇਲਵੇ ਸਟੇਸ਼ਨ ਦੋਰਾਹਾ ਮੰਡੀ ਵਿਖੇ ੯ ਅਕਤੂਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ। ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ।

### ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਰੈਣਿ ਸਬਾਈ ਕੀਰਤਨ

ਪੰਚਮੀ ਦੇ ਮਾਸਿਕ ਜੋੜ ਮੇਲੇ ਤੇ 13 ਅਕਤੂਬਰ ਬੁਧਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

### ਪਿੰਡ ਹਰਸ਼ੀ (ਜ਼ਿਲਾ ਹੁਸ਼ਿਆਰਪੁਰ) ਵਿਖੇ ਰੈਣਿ ਸਬਾਈ ਕੀਰਤਨ

ਭਾਈ ਸੰਤੋਖ ਸਿੰਘ ਜੀ ਦੇ ਗ੍ਰਹਿ ਵਿਖੇ 16 ਅਕਤੂਬਰ ਸ਼ਨੀਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ। ਪਿੰਡ ਹਰਸ਼ੀ ਜਲੰਧਰ ਪਠਾਨਕੋਟ ਰੋਡ ਤੇ ਟਾਂਡਾ ਉੜਮੁੜ ਤੋਂ ਡੇਢ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ।

### ਦਿੱਲੀ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ

15 ਅਕਤੂਬਰ ਸ਼ੁਕਰਵਾਰ ਸ਼ਾਮ 7 ਵਜੇ ਤੋਂ ੯ ਵਜੇ ਤੱਕ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਕਰੋਲਬਾਗ ਵਿਖੇ

16 ਅਕਤੂਬਰ ਸਵੇਰੇ 5 ਵਜੇ ਤੋਂ ਦੁਪਹਿਰ ਤੱਕ ਕੀਰਤਨ ਗੁ: ਸੀਸ ਗੰਜ ਸਾਹਿਬ ਵਿਖੇ।

ਸ਼ਾਮ 7 ਤੋਂ ੯ ਵਜੇ ਤੱਕ ਕੀਰਤਨ ਗੁ: ਨਾਨਕ ਪਿਆਓ ਸਾਹਿਬ ਵਿਖੇ।

17 ਅਕਤੂਬਰ ਸਵੇਰੇ 5 ਵਜੇ ਤੋਂ ਦੁਪਹਿਰ ਤੱਕ ਕੀਰਤਨ ਗੁ: ਬੰਗਲਾ ਸਾਹਿਬ ਵਿਖੇ।

ਸ਼ਾਮ 7 ਤੋਂ ੯ ਕੀਰਤਨ ਗੁ: ਮੋਤੀ ਬਾਗ ਵਿਖੇ।

18 ਅਕਤੂਬਰ ਸਵੇਰੇ 5 ਵਜੇ ਤੋਂ ਦੁਪਹਿਰ ਤੱਕ ਕੀਰਤਨ ਗੁ: ਬੰਗਲਾ ਸਾਹਿਬ ਵਿਖੇ। ਸ਼ਾਮ 7 ਵਜੇ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਗੁ: ਰਕਾਬ ਗੰਜ ਸਾਹਿਬ ਦੇ ਦੀਵਾਨ ਹਾਲ ਵਿਖੇ।

ਅੰਮ੍ਰਿਤ ਸੰਚਾਰ :- 18 ਅਕਤੂਬਰ ਸ਼ਾਮ 7 ਵਜੇ ਆਰੰਭ ਗੁ: ਰਕਾਬ ਗੰਜ ਸਾਹਿਬ ਵਿਖੇ।

ਰਿਹਾਇਸ਼ ਤੇ ਲੰਗਰ :- ਗੁਰੂ ਤੇਗ ਬਹਾਦਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇਵ ਨਗਰ ਕਰੋਲ ਬਾਗ ਵਿਖੇ

### ਅੰਮ੍ਰਿਤਸਰ ਵਿਖੇ ਰੈਣਿ ਸਬਾਈ ਕੀਰਤਨ ਸਮਾਗਮ

1. ੨3 ਅਕਤੂਬਰ ਸ਼ਨੀਵਾਰ ਨੂੰ ਗ੍ਰਹਿ ਭਾਈ ਰਾਜਿੰਦਰ ਸਿੰਘ ਇੰਦਰਾ ਕਲੋਨੀ ਪਲਾਟ ਨੰ: 460 ਕੋਟ ਖਾਲਸਾ ਵਿਖੇ ਰੈਣਿ ਸਬਾਈ ਕੀਰਤਨ ਆਰੰਭ ਰਾਤ 8 ਵਜੇ।

੨. ੨6 ਅਕਤੂਬਰ ਮੰਗਲਵਾਰ ਗੁ: ਰਾਮਦਾਸ ਜੀ ਦੇ ਪਵਿੱਤਰ ਆਗਮਨ ਪੁਰਬ ਦੇ ਸਬੰਧ ਵਿਚ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਆਰੰਭ ਸ਼ਾਮ 7 ਵਜੇ। ਗੁ: ਪਿਪਲੀ ਸਾਹਿਬ ਪੁਤਲੀ ਘਰ ਵਿਖੇ।

### ਬਾਊ ਮੱਲ ਸਿੰਘ ਜੀ ਦੀ ਯਾਦ ਵਿਚ ਸਾਲਾਨਾ ਸਮਾਗਮ

੨੯ ਤੋਂ 31 ਅਕਤੂਬਰ ਸ੍ਰੀ ਅਖੰਡ ਪਾਠ ਸਾਹਿਬ ਕਰਨਲ ਕੁਲਵੰਤ ਸਿੰਘ ਜੀ ਦੇ ਗ੍ਰਹਿ 40, ਰਾਣੀ ਕਾ ਬਾਗ ਅੰਮ੍ਰਿਤਸਰ ਵਿਖੇ। 31 ਅਕਤੂਬਰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ।

### ਜਗਾਧਰੀ ਵਿਖੇ ਅਖੰਡ ਕੀਰਤਨ ਸਮਾਗਮ

ਭਾਈ ਹਰਿਕ੍ਰਿਸ਼ਨ ਸਿੰਘ ਜੀ ਦੇ ਗ੍ਰਹਿ 6੨-E ਭਾਟੀਆਂ ਨਗਰ ਯਮੁਨਾਨਗਰ Tel. ੨0998 ਵਿਖੇ 31 ਅਕਤੂਬਰ ਸਵੇਰ ਤੋਂ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ।



www.AKJ.Org

## ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਰੈਣਿ ਸਬਾਈ ਕੀਰਤਨ

ਸਮੂਹ ਸ਼ਹੀਦਾਂ ਦੀ ਮਾਸਿਕ ਯਾਦ ਮਨਾਉਂਦਿਆਂ ਹੋਇਆਂ ਗੁ: ਬਿਬੇਕਸਰ ਸਾਹਿਬ ਵਿਖੇ 30 ਅਕਤੂਬਰ ਸ਼ਨੀਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ। ਆਏ ਦੀਦਾਰ ਬਖਸ਼ੋ ਜੀ।

## ਆਗਰਾ ਵਿਖੇ ਅਖੰਡ ਕੀਰਤਨ ਸਮਾਗਮ

ਸਤਿਗੁਰ ਦੀ ਅਪਾਰ ਮੇਹਰ ਸਦਕਾ ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ ਗੁਰੂ ਤੇਗ ਬਹਾਦਰ ਜੀ ਦੇ ਇਤਿਹਾਸਕ ਅਸਥਾਨ ਗੁ: ਗੁਰੂ ਕਾ ਤਾਲ ਆਗਰਾ ਵਿਖੇ ਮਿਤੀ 4-11-99 ਸ਼ਾਮ ਤੋਂ 7-11-99 ਸਵੇਰ ਤੱਕ ਅਖੰਡ ਕੀਰਤਨ ਸਮਾਗਮ ਰਚਾਏ ਜਾ ਰਹੇ ਹਨ। ਸਮੂਹ ਸੰਗਤਾਂ ਦਿੱਤੇ ਪ੍ਰੋਗਰਾਮ ਅਨੁਸਾਰ ਦਰਸ਼ਨ ਦੇ ਕੇ ਨਿਵਾਜੋ ਜੀ।

4-11-99 ਸ਼ਾਮ 7 ਤੋਂ 9 ਵਜੇ ਤੱਕ ਅਤੇ 5-11-99 ਸਵੇਰੇ 6 ਵਜੇ ਤੋਂ 12 ਵਜੇ ਤੱਕ ਕੀਰਤਨ ਗੁ: ਗੁਰੂ ਕਾ ਤਾਲ ਵਿਖ

5-11-99 ਸ਼ਾਮ 7 ਤੋਂ 9 ਵਜੇ ਤੱਕ ਗੁ: ਮਾਈ ਥਾਨ ਵਿਖੇ ਕੀਰਤਨ ਸਮਾਗਮ।

6-11-99 ਸਵੇਰੇ 6 ਤੋਂ 12 ਵਜੇ ਤੱਕ ਕੀਰਤਨ ਅਤੇ ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਗੁ: ਗੁਰੂ ਕਾ ਤਾਲ ਵਿਖੇ।

ਅੰਮ੍ਰਿਤ ਸੰਚਾਰ :– 6-11-99 ਸ਼ਨੀਵਾਰ ਸ਼ਾਮ 6 ਵਜੇ ਗੁ: ਗੁਰੂ ਕਾ ਤਾਲ ਵਿਖੇ ਆਰੰਭ ਹੋਣਗੇ। ਰਿਹਾਇਸ਼ ਤੇ ਲੰਗਰ ਦਾ ਸਾਰਾ ਪ੍ਰਬੰਧ ਗੁ: ਗੁਰੂ ਕਾ ਤਾਲ ਵਿਖੇ ਹੀ ਹੋਵੇਗਾ।

## ਕੁਰਾਲੀ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ

ਗੁ: ਹਰਗੋਬਿੰਦਗੜ੍ਹ ਸਾਹਿਬ ਮੋਰਿੰਡਾ ਰੋਡ ਕੁਰਾਲੀ ਵਿਖੇ 13-11-99 ਸ਼ਨੀਵਾਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ

### ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਤੇ ਕੀਰਤਨ ਸਮਾਗਮ ਸੁਲਤਾਨਪੁਰ ਲੋਧੀ ਵਿਖੇ।

ਗੁ: ਬੇਬੇ ਨਾਨਕੀ ਵਿਖੇ ਗੁਰੂ ਨਾਨਕ ਨਿਰੰਕਾਰੀ ਦੇ ਪ੍ਰਕਾਸ਼ ਉਤਸਵ ਦੇ ਸਮਾਗਮ 21-11-99 ਤੋਂ 24-11-99 ਤੱਕ ਰਚਾਏ ਜਾ ਰਹੇ ਹਨ। ਵੇਰਵਾ ਆਉਂਦੇ ਪਰਚੇ ਵਿਚ।

### ਅਖੰਡ ਕੀਰਤਨੀ ਜਥਾ ਯੂ. ਕੇ ਦੇ ਪ੍ਰੋਗਰਾਮ

1. ਬੀਬੀ ਨਾਮਜੀਵਨ ਕੌਰ ਦਾ ਸ਼ੁਭ ਆਨੰਦ ਕਾਰਜ ਐਤਵਾਰ 17 ਅਕਤੂਬਰ ਨੂੰ ਸਿੰਘ ਸਭਾ ਗੁਰਦੁਆਰਾ, ਕਰਾਸ ਰੋਡ, ਕਵੈਂਟਰੀ ਵਿਖੇ ਵਧੇਰੇ ਜਾਣਕਾਰੀ ਗੁਰੂ ਘਰ 01203 684-802

2. ਜਥੇ ਦੀ ਮਾਸਿਕ ਰੈਣਿ ਸਬਾਈ ਕੀਰਤਨ ਸ਼ਨੀਵਾਰ 23 ਅਕਤੂਬਰ ਨੂੰ ਪਹਿਲੀ ਵਾਰ ਨਵੇਂ ਗੁਰੂ ਘਰ ਵਿਖੇ SINGH SABHA GURUDWARA, HIGH ROAD, SEVEN KINGS, GOODMAYES NEAR ILFORD. TeL GURUDWARA SAHIB 01815981817 ਵਧੇਰੇ ਜਾਣਕਾਰੀ ਲਈ ਭਾਈ ਗਿਆਨ ਸਿੰਘ : 0181 262 7439 ਸੰਗਤਾਂ ਵਾਸਤੇ ਕੋਚਾਂ ਦਾ ਪ੍ਰਬੰਧ ਸਾਊਥਾਲ ਤੋਂ ਕੋਚ 5.30 ਵਜੇ ਸ਼ਾਮ ਨੂੰ ਭਾਰਤ ਕੋਚ ਸਟੇਸ਼ਨ ਵੈਸਟਨ ਰੋਡ ਤੋਂ ਚਲੇਗੀ ਵਧੇਰੇ ਜਾਣਕਾਰੀ ਭਾਈ ਸਤਨਾਮ ਸਿੰਘ 01815714690 ਭਾਈ ਉਂਕਾਰ ਸਿੰਘ 01753 572737 ਬ੍ਰਮਿੰਘਮ ਤੋਂ ਕੋਚ 5.30 ਵਜੇ ਸ਼ਾਮ ਨੂੰ ਗੁਰੂ ਨਾਨਕ ਗੁਰਦੁਆਰਾ, ਐਡਵਡ ਸਟਰੀਟ, ਵੈਸਟ ਬ੍ਰਮਿੰਚ ਤੋਂ ਚਲੇਗੀ ਪੁਛ ਗਿਛ ਲਈ ਭਾਈ ਅਮਨਦੀਪ ਸਿੰਘ 07970846544 ਬਰੈਡਫੋਰਡ ਤੋਂ ਕੋਚ ਚਲੇਗੀ ਵਧੇਰੇ ਜਾਣਕਾਰੀ ਲਈ ਭਾਈ ਗੁਰਵਿੰਦਰ ਸਿੰਘ 0976 923901

3. ਭਾਈ ਨਿਰਮਲ ਸਿੰਘ ਜੀ ਦੀ ਯਾਦ ਵਿਚ ਕੀਰਤਨ ਦਰਬਾਰ ਸ਼ਨੀਵਾਰ 30 ਅਕਤੂਬਰ ਨੂੰ 16 St James Ave, Gravesent, kent ਵਿਖੇ Tel - 01474 328527

4. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦਿਹਾੜੇ ਤੇ ਪਾਕਿਸਤਾਨ ਦੇ ਚੋਣਵੇਂ ਗੁਰਧਾਮਾਂ ਦੀ ਇਤਿਹਾਸਿਕ ਯਾਤਰਾ ਅਤੇ ਇੰਟਰਨੈਸ਼ਨਲ ਰੈਣਿ ਸਬਾਈ ਕੀਰਤਨ ਸ੍ਰੀ ਨਨਕਾਣਾ ਸਾਹਿਬ ਵਿਖੇ ਪ੍ਰੋਗਰਾਮ ਰਵਾਨਗੀ :- ਸ਼ਨੀਵਾਰ 13 ਨਵੰਬਰ ਲੰਡਨ ਤੋਂ ਲਾਹੌਰ। ਵਾਪਸੀ ਸ਼ਨੀਵਾਰ 27 ਨਵੰਬਰ 1999 ਲਾਹੌਰ ਤੋਂ ਲੰਡਨ। ਇਸ ਦੋ ਹਫਤਿਆਂ ਦੀ ਯਾਤਰਾ ਦੌਰਾਨ ਹਰੇਕ ਇਤਿਹਾਸਕ ਗੁਰੂ ਘਰ ਵਿਖੇ ਜੱਥੇ ਵੱਲੋਂ ਕੀਰਤਨ ਦਰਬਾਰ ਰੱਖੇ ਜਾਣਗੇ। ਅਤੇ 22 ਨਵੰਬਰ ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਇਤਿਹਾਸਕ ਰੈਣਿ ਸਬਾਈ

(ਬਾਕੀ ਪ੍ਰੋਗਰਾਮ ਪੰਨਾ ੩੮ ਤੇ)



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਲਿਆ ਗਿਆ
# ਦੂਜਾ ਇਤਿਹਾਸਕ ਹੁਕਮਨਾਮਾ

ਦੂਜਾ ਇਤਿਹਾਸਕ ਹੁਕਮਨਾਮਾ 8 ਅਕਤੂਬਰ 1708 ਨੂੰ ਨਾਦੇੜ ਵਿਖੇ ਉਸ ਸਮੇਂ ਲਿਆ ਗਿਆ ਜਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸ ਆਦਿ ਗ੍ਰੰਥ ਨੂੰ ਗੁਰੂ ਦੀ ਪਦਵੀ ਨਾਲ ਸ਼ਸ਼ੋਭਤ ਕਰ ਕੇ ਇਨ੍ਹਾਂ ਅਗੇ ਆਪਣਾ ਸੀਸ ਨਿਵਾਇਆ ਤੇ ਇਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਨਮਾਨ ਦੇ ਕੇ ਆਪਣੀ ਆਤਮਾ ਗੁਰੂ ਗ੍ਰੰਥ ਸਾਹਿਬ ਵਿਚ ਸਮੋ ਦਿਤੀ ਤੇ ਸਰੀਰ ਖਾਲਸਾ ਪੰਥ ਵਿਚ ਵਲੀਨ ਕਰ ਦਿਤਾ। ਉਸ ਵਕਤ ਜੋ ਭੁਕਮਨਾਮਾ ਗੁਰੂ ਗ੍ਰੰਥ ਸਾਹਿਬ ਵਿਚੋਂ ਨਿਕਲਿਆ ਉਸ ਦੇ ਬੋਲ ਇਸ ਪਰਕਾਰ ਹਨ :–

ਮਾਰੂ ਮਹਲਾ ੫


ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ॥ ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ॥੧॥ ਅਬ ਮੋਹਿ ਜੀਵਨ ਪਦਵੀ ਪਾਈ॥ ਚੀਤਿ ਆਇਓ ਮਨਿ ਪੁਰਖ ਬਿਧਾਤਾ ਸੰਤਨ ਕੀ ਸਰਣਾਈ॥੧॥ਰਹਾਉ॥ ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ॥ ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ॥੨॥ ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ॥ ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ॥੩॥ ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ॥ ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ॥੪॥੬॥ (ਪੰਨਾ ੧੦੦੦)

ਇਸ ਹੁਕਮਨਾਮੇ ਦੇ ਬੋਲ ਵੀ ਮੌਕੇ ਮੁਤਾਬਕ ਕਿਤਨੇ ਢੁਕਵੇਂ ਹਨ ਜਿਵੇਂ ਅਕਾਲ ਪੁਰਖ ਖੁਦ ਆਪਣਾ ਫਰਮਾਨ ਜਾਰੀ ਕਰ ਰਹੇ ਤੇ ਮਾਨਵਤਾ ਨੂੰ "ਹਰਿ ਹਰਿ ਕੀਰਤਨ" ਗਾਣ ਦਾ ਉਪਦੇਸ਼ ਦੇ ਰਹੇ ਹਨ ਜਿਸ ਦਾ ਬਹੁ ਪਰਕਾਰੀ ਸਰੂਪ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ। ਇਸ ਅਵਸਰ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ "ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਯੋ ਗ੍ਰੰਥ" ਦੀ ਤਾਕੀਦ ਕੀਤੀ ਤੇ ਜੋਤੀ ਜੋਤ ਸਮਾ ਗਏ। ਇਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗੁਰਤਾ ਕਾਲ ਪ੍ਰਾਰੰਭ ਹੋਇਆ ਤੇ ਮਾਨਵ ਅਤੇ ਧਾਰਮਕ ਸਮਾਜ ਜੁਗੋ ਜੁਗ ਅਟੱਲ ਗੁਰੂ ਦੀ ਛਤਰ ਛਾਇਆ ਹੇਠ ਆਇਆ। ਅਜਿਹਾ ਗੁਰੂ ਪਾਉਣਾ ਸਾਡੇ ਸਾਰਿਆਂ ਦਾ ਸੁਭਾਗ ਹੈ। ਪੰਜਾਬ ਦੀ ਧਰਤੀ ਅਲਾਹੀ ਵਰਦਾਨ ਹੈ, ਭਾਰਤ ਵਰਸ਼ ਲਈ ਗੌਰਵ ਦੀ ਗਾਥਾ ਹੈ ਅਤੇ ਪੰਜਾਬੀ ਅਤੇ ਸੰਤ ਭਾਸ਼ਾ ਲਈ ਰਿਣਤਾ ਪ੍ਰਗਟਾਉਣ ਦਾ ਅਵਸਰ ਹੈ। ਨਿਰਸੰਦੇਹ ਉਹ ਦਿਨ ਦੂਰ ਨਹੀਂ ਜਦ ਖਵਾਰ ਹੋਏ ਵਿਸ਼ਵ ਦੇ ਸਾਰੇ ਜੀਵ ਇਸ ਗੁਰੂ ਦੀ ਤਾਬਿਆ ਵਿਚ ਆ ਕੇ ਸ਼ਾਂਤੀ ਪ੍ਰਾਪਤ ਕਰਨਗੇ, ਮਨਾਂ ਨੂੰ ਤਸਕੀਨ ਦੇ ਸਕਣਗੇ, ਯੋਗ ਸੇਧ ਪ੍ਰਾਪਤ ਕਰਕੇ ਜੀਵਨ ਦੀ ਸਾਰਥਕਤਾ ਪਹਿਚਾਨਣਗੇ। ਉਸ ਦਿਨ ਹੀ ਸਹੀ ਅਰਥਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰੀਚੈ ਮੁਕੰਮਲ ਹੋਵੇਗਾ।

(ਸ੍ਰ: ਸਰੂਪ ਸਿੰਘ ਅਲੱਗ)

www.AKJ.Org

# ਸਭ ਸਿਖਨ ਕੋ ਹੁਕਮ ਹੈ" ਗੁਰੂ ਮਾਨਯੋ ਗ੍ਰੰਥ



## ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ (ਮਹਾਰਾਸ਼ਟਰ)

ਇਸ ਅਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਨੇ 8 ਅਕਤੂਬਰ 1708 ਈਸਵੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਬਖ਼ਸ਼ ਕੇ ਹਮੇਸ਼ਾ-ਹਮੇਸ਼ਾ ਲਈ ਸਿੱਖਾਂ ਵਾਸਤੇ ਦੇਹ-ਧਾਰੀ ਸਖਸ਼ੀ ਗੁਰੂ ਦਾ ਸਿਲਸਿਲਾ ਸਮਾਪਤ ਕਰ ਦਿੱਤਾ।



www.AKJ.Org